# BABA SIRI CHAND JI GOVERNMENT COLLEGE

## SARDARGARH (BATHINDA)

Bathinda-Malout Road, Nathional Highway-7,
24 KM from Bathinda

# PROSPECTUS 2022-23




Phone No. and Fax : 01637-230032
E-Mail : gcsardargarh@gmail.com
Website : bscgcsardargarh.ac.in

# ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ


## ਸਰਦਾਰਗੜ੍ਹ (ਬਠਿੰਡਾ)

## ਸੰਖੇਪ ਜਨਮ ਇਤਿਹਾਸ

# ਬਾਬਾ ਸਿਰੀ ਚੰਦ ਜੀ

(8 ਸਤੰਬਰ 1494 – 13 ਜਨਵਰੀ 1643)

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸਿਰੀ ਚੰਦ ਜੀ ਦਾ ਜਨਮ ਮਾਤਾ ਸੁਲੱਖਣੀ ਦੀ ਕੁੱਖੋਂ ਸੁਲਤਾਨਪੁਰ ਲੋਧੀ ਵਿਖੇ ਹੋਇਆ। ਬਚਪਨ ਰਾਵੀ ਦਰਿਆ ਦੇ ਕਿਨਾਰੇ ਪਿੰਡ ਪੱਖੋਕੇ ਰੰਧਵੇਂ ਵਿਖੇ ਬੀਤਿਆ। ਪੰਡਿਤ ਪਰਸ਼ੋਤਮ ਕੋਲ ਜੀ ਪਾਸ ਗਿਆਰਾਂ ਸਾਲ ਦੀ ਉਮਰ ਵਿੱਚ ਕਸ਼ਮੀਰ ਜਾ ਕੇ ਸੰਸਕ੍ਰਿਤ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ ਤੇ ਅਵੀਨਾਸ਼ ਮੁਨੀ ਜੀ ਕੋਲ ਯੋਗ ਅਭਿਆਸ ਕੀਤਾ। ਬਾਬਾ ਜੀ ਬਚਪਨ ਤੋਂ ਹੀ ਇਕਾਂਤ ਪਸੰਦ ਕਰਦੇ ਸਨ। ਆਪਣੇ ਚੇਲਿਆਂ ਨਾਲ ਸਾਰੇ ਭਾਰਤ ਦਾ ਭ੍ਰਮਣ ਕੀਤਾ ਤੇ ਪਠਾਨਕੋਟ ਤੋਂ ਦੱਖਣ ਪੱਛਮ ਵੱਲ 8 ਕਿ.ਮੀ. ਤੇ ਬਿਰਾਡ ਵਿਖੇ ਡੇਰਾ ਸਥਾਪਤ ਕਰਕੇ ਉਦਾਸੀ ਪ੍ਰੰਪਰਾ ਸ਼ੁਰੂ ਕੀਤੀ। ਆਪ ਜੀ ਨੇ ਕੀਰਤਪੁਰ ਨਗਰ ਦੀ ਸਥਾਪਨਾ ਸਮੇਂ ਪਹਿਲਾ ਟੱਕ ਮਾਰਿਆ ਤੇ ਬਾਬਾ ਗੁਰਦਿੱਤਾ ਜੀ ਨੂੰ ਗੁਰਗੱਦੀ ਸੌਂਪੀ।




Source : Prof. Harbans Singh,
(Edi.) Encyclopaedia of Sikhism,
Vol. IV, Pbi. Uni. Patiala,
1998, P. 234

# ਸੰਦੇਸ਼



ਸ੍ਰੀਮਤੀ ਸਿਮਰਜੀਤ ਸਿੱਧੂ
ਪ੍ਰਿੰਸੀਪਲ



ਡਾ. ਜਸਪਾਲ ਸਿੰਘ
ਵਾਈਸ ਪ੍ਰਿੰਸੀਪਲ

ਪਿਆਰੇ ਵਿਦਿਆਰਥੀਓ,

ਮੈਂ ਵਿੱਦਿਅਕ ਸ਼ੈਸ਼ਨ 2022-23 ਵਿੱਚ ਦਾਖਲਾ ਲੈਣ ਤੇ ਆਪ ਸਭ ਨੂੰ ਜੀ ਆਇਆਂ ਨੂੰ ਆਖਦੀ ਹਾਂ। ਤੁਸੀਂ ਬਹੁਤ ਖੁਸ਼ਨਸੀਬ ਹੋ ਕਿਉਂਕਿ ਤਹਾਨੂੰ ਵਿੱਦਿਆ ਜਿਹੇ ਅਨਮੋਲ ਗਹਿਣੇ ਨੂੰ ਹਾਸਲ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। ਇਸ ਕਾਲਜ ਦਾ ਸਟਾਫ ਬਹੁਤ ਤਜਰਬੇਕਾਰ ਅਤੇ ਮਿਹਨਤੀ ਹੈ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਉਹ ਤੁਹਾਡੇ ਸਰਬਪੱਖੀ ਵਿਕਾਸ ਦੇ ਲਈ ਪੂਰਾ-ਪੂਰਾ ਯੋਗਦਾਨ ਪਾਉਣਗੇ। ਤੁਸੀਂ ਸਾਰੇ ਆਪਣੇ ਅਧਿਆਪਕਾਂ ਨੂੰ ਮਾਣ-ਸਤਿਕਾਰ ਦਿੰਦੇ ਹੋਏ ਅਤੇ ਅਨੁਸ਼ਾਸ਼ਨ ਵਿੱਚ ਰਹਿੰਦੇ ਹੋਏ ਇਸ ਸੁਨਹਿਰੀ ਮੌਕੇ ਦਾ ਪੂਰਾ ਫਾਇਦਾ ਉਠਾਓ ਤਾਂ ਜੋ ਤੁਸੀਂ ਇੱਕ ਚੰਗੇ ਨਾਗਰਿਕ ਬਣ ਸਕੋ। ਮੈਨੂੰ ਮਾਣ ਹੈ ਕਿ ਤੁਸੀਂ ਜ਼ਰੂਰ ਆਪਣੇ ਮਾਤਾ-ਪਿਤਾ ਅਤੇ ਕਾਲਜ ਦਾ ਨਾਂ ਰੌਸ਼ਨ ਕਰੋਗੇ।

ਪ੍ਰਿੰਸੀਪਲ
ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ,
ਸਰਦਾਰਗੜ੍ਹ (ਬਠਿੰਡਾ)

# ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ, ਸਰਦਾਰਗੜ੍ਹ

## ਕਾਲਜ ਬਾਰੇ

ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ, ਸਰਦਾਰਗੜ੍ਹ, ਬਠਿੰਡਾ-ਗਿੱਦੜਬਾਹਾ ਮੁੱਖ ਸੜਕ 'ਤੇ ਬਠਿੰਡਾ ਤੋਂ 24 ਕਿਲੋਮੀਟਰ (ਪੱਛਮ ਵੱਲ) ਅਤੇ ਗਿੱਦੜਬਾਹਾ ਤੋਂ 6 ਕਿਲੋਮੀਟਰ (ਪੂਰਬ ਵੱਲ) ਦੀ ਦੂਰੀ ਉੱਤੇ ਖੁੱਲ੍ਹੇ, ਪ੍ਰਦੂਸ਼ਨ ਰਹਿਤ, ਭੀੜ-ਭੜੱਕੇ ਤੋਂ ਦੂਰ, ਕੁਦਰਤੀ ਵਾਤਾਵਰਨ ਵਿੱਚ ਸਥਿਤ ਹੈ।

ਇਸ ਕਾਲਜ ਦਾ ਸ਼ੁਭ ਆਰੰਭ ਜੁਲਾਈ 1970 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਗਿੱਦੜਬਾਹਾ ਦੇ ਰੂਪ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਕਰ-ਕਮਲਾਂ ਨਾਲ ਕੀਤਾ ਗਿਆ। ਇਸ ਕਾਲਜ ਦਾ ਮੁੱਖ ਮੰਤਵ ਇਲਾਕੇ ਦੇ ਪੇਂਡੂ ਨੌਜਵਾਨਾਂ ਨੂੰ ਵਿੱਦਿਅਕ, ਸੱਭਿਆਚਾਰਕ ਤੇ ਖੇਡਾਂ ਵਿੱਚ ਉਤਸ਼ਾਹਿਤ ਕਰਨਾ ਸੀ। ਇਹ ਸੰਸਥਾ ਅਕਤੂਬਰ 1997 ਤੱਕ ਇਲਾਕੇ ਦੀ ਭਰਪੂਰ ਸੇਵਾ ਕਰਦੀ ਰਹੀ। ਇਹ ਸਮੇਂ ਦੌਰਾਨ ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸਬੰਧਤ (ਐਫੀਲੀਏਟਿਡ) ਸੀ। ਇਲਾਕੇ ਵਿੱਚ ਹੋਰ ਵਿੱਦਿਅਕ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਮਿਤੀ 20.10.97 ਨੂੰ ਇਸ ਕਾਲਜ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਅਤੇ ਇਹ ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ, ਗਿੱਦੜਬਾਹਾ ਦੇ ਨਾਉਂ ਨਾਲ ਜਾਣਿਆ ਜਾਣ ਲੱਗਿਆ।

ਇਸ ਸਮੇਂ ਪਿੰਡ ਸਰਦਾਰਗੜ੍ਹ ਵਿਖੇ ਡੇਰਾ ਲੰਗ ਨੇ ਕਾਲਜ ਲਈ 20 ਏਕੜ ਜ਼ਮੀਨ ਦਾਨ ਦਿੱਤੀ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਸ਼ਾਨਦਾਰ ਦੋ-ਮੰਜ਼ਿਲੀ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ ਤੇ 1998 ਦੇ ਨਵ-ਪੰਜਾਬ ਦਿਵਸ ਦੇ ਦਿਹਾੜੇ ਇਹ ਕਾਲਜ ਨਵੀਂ ਇਮਾਰਤ (ਸਰਦਾਰਗੜ੍ਹ) ਵਿਖੇ ਤਬਦੀਲ ਹੋ ਗਿਆ। ਹੁਣ ਇਹ ਕਾਲਜ ਜ਼ਿਲ੍ਹਾ ਬਠਿੰਡਾ ਦੀ ਹਦੂਦ ਵਿੱਚ ਆਉਣ ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਹੈ ਅਤੇ ਇਸ ਦਾ ਨਾਉਂ ਬਦਲ ਕੇ ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ, ਸਰਦਾਰਗੜ੍ਹ (ਬਠਿੰਡਾ) ਕਰ ਦਿੱਤਾ ਗਿਆ ਹੈ।

ਇਸ ਸਮੇਂ ਕਾਲਜ ਵਿੱਚ ਬੀ. ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਦੀਆਂ ਸ਼੍ਰੇਣੀਆਂ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਕੰਪਿਊਟਰ ਸਿੱਖਿਆ ਦੇ ਨਾਲ ਭੂਗੋਲ, ਰਾਜਨੀਤੀ ਸ਼ਾਸ਼ਤਰ, ਹਿੰਦੀ, ਇਤਿਹਾਸ, ਸਰੀਰਕ ਸਿੱਖਿਆ ਅਤੇ ਚੋਣਵੀਂ ਪੰਜਾਬੀ ਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ।ਇਸਦੇ ਨਾਲ-ਨਾਲ ਨਵੇਂ ਕਿੱਤਾ ਮੁਖੀ ਕੋਰਸ (Creative Writing & Content Development) ਸ਼ੁਰੂ ਕੀਤੇ ਗਏ ਹਨ। ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਲਾਇਬ੍ਰੇਰੀ ਅਤੇ ਵੱਡਾ ਰੀਡਿੰਗ-ਰੂਮ ਵੀ ਕਾਲਜ ਇਮਾਰਤ ਦਾ ਹਿੱਸਾ ਹਨ। 15 ਵੱਡੇ ਕਮਰੇ, ਆਡੀਟੋਰੀਅਮ, ਪ੍ਰਬੰਧਕੀ ਬਲਾਕ, ਕੰਪਿਊਟਰ ਰੂਮ ਅਤੇ ਨਵਾਂ ਫਰਨੀਚਰ ਕਾਲਜ ਦੀ ਖਾਸ ਵਿਸ਼ੇਸ਼ਤਾ ਹੈ। ਪੇਂਡੂ ਨੌਜਵਾਨਾਂ ਦੇ ਹੱਥ-ਪੈਰ ਮੋਕਲੇ ਕਰਨ ਲਈ ਖੁੱਲ੍ਹੇ ਖੇਡ-ਮੈਦਾਨ ਖੇਤਾਂ ਦੇ ਪਿਛੋਕੜ ਵਿੱਚ ਕੁਦਰਤੀ ਨਜ਼ਾਰਾ ਪੇਸ਼ ਕਰਦੇ ਹਨ।

# ਤਤਕਰਾ

**ਨੰ: ਵਿਸ਼ਾ ........................................ ਪੰਨਾ**


1. ਸਟਾਫ ਸੂਚੀ ........ 1
2. ਵਿਸ਼ਿਆਂ ਸਬੰਧੀ ਜਾਣਕਾਰੀ ........ 2
3. ਕਾਲਜ ਅਨੁਸ਼ਾਸ਼ਨ/ਚਿਤਾਵਨੀਆਂ/ਮਨਾਹੀਆਂ ........ 3
4. ਦਾਖਲੇ ਲਈ ਨਿਯਮ ........ 4
5. ਦਾਖਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ ........ 5
6. ਰਾਖਵੀਆਂ ਸੀਟਾਂ ........ 6
7. ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ ........ 7
8. ਪੰਜਾਬੀ ਯੂਨੀਵਰਸਿਟੀ ਦੇ ਨਿਯਮ ........ 8
9. ਵਜੀਫੇ, ਫੀਸ ਮੁਆਫੀ ਅਤੇ ਹੋਰ ਸਹੂਲਤਾਂ ........ 8
10. ਐਂਟੀ ਰੈਗਿੰਗ ਸਬੰਧੀ ਦਿਸ਼ਾ ਨਿਰਦੇਸ਼ ........ 9
11. ਟਿਊਟੋਰੀਅਲ ਪ੍ਰਣਾਲੀ, ਪ੍ਰਾਕਟੋਰੀਅਲ ਪ੍ਰਣਾਲੀ ........ 9
12. ਰੇਲਵੇ /ਬੱਸ ਪਾਸ ........ 10
13. ਸਾਈਕਲ /ਸਕੂਟਰ ਸਟੈਂਡ ........ 10
14. ਖੇਡਾਂ ਤੇ ਸਰੀਰਕ ਸਿੱਖਿਆ ........ 10
15. ਨੈਸ਼ਨਲ ਸਰਵਿਸ ਸਕੀਮ ........ 11
16. ਪੀ.ਟੀ. ਏ. ਸੰਗਠਨ / ਸੱਭਿਆਚਾਰਕ ਗਤੀਵਿਧੀਆਂ ........ 11
17. ਕਾਲਜ ਕਲਰ ਅਤੇ ਰੋਲ ਆਫ ਆਨਰ ........ 12
18. ਲਾਇਬ੍ਰੇਰੀ / ਲਾਇਬ੍ਰੇਰੀ ਨਿਯਮ ........ 12
19. ਪਹਿਚਾਣ ਪੱਤਰ ਤੇ ਲਾਇਬ੍ਰੇਰੀ ਕਾਰਡ ........ 13
20. ਮੱਧ-ਸ਼ੈਸ਼ਨ ਪ੍ਰੀਖਿਆ ........ 13
21. ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਯੋਗਤਾਵਾਂ ........ 14
22. ਦਾਖਲਾ ਕਮੇਟੀਆਂ 2022-23 ........ 15
23. ਕਾਲਜ ਕੈਲੰਡਰ ਸ਼ੈਸ਼ਨ 2022-23 ........ 16
24. ਫੀਸਾਂ ਅਤੇ ਖਰਚਿਆਂ ਸਬੰਧੀ ਜਾਣਕਾਰੀ ........ 17
25. ਯੂਨੀਵਰਸਿਟੀ ਵੱਲੋਂ ਦਾਖਲੇ ਦੀਆਂ ਮਿਤੀਆਂ ........ 18
26. ਕਾਲਜ ਨਿਯਮਾਂਵਲੀ ........ 19


## ਮਹੱਤਵਪੂਰਨ ਸੰਪਰਕ ਨੰਬਰ

**ਸ੍ਰੀਮਤੀ ਸਿਮਰਜੀਤ ਸਿੱਧੂ, ਪ੍ਰਿੰਸੀਪਲ : 98559-34585, 01637-230032,**

**ਡਾ. ਜਸਪਾਲ ਸਿੰਘ ਵਾਈਸ ਪ੍ਰਿੰਸੀਪਲ : 94633-74012, 01637-230032,**

# ਟੀਚਿੰਗ ਸਟਾਫ ਸੂਚੀ

1. ਪ੍ਰਿੰਸੀਪਲ : ਸ੍ਰੀਮਤੀ ਸਿਮਰਜੀਤ ਸਿੱਧੂ (98559-34585)
2. ਪੰਜਾਬੀ ਵਿਭਾਗ : *ਡਾ. ਜਸਪਾਲ ਸਿੰਘ ਐਮ.ਏ., ਨੈੱਟ, ਪੀ.ਐਚ.ਡੀ. (94633-74012)
3. ਸਰੀਰਕ ਸਿੱਖਿਆ ਵਿਭਾਗ : *ਡਾ. ਜਸਪ੍ਰੀਤ ਸਿੰਘ ਐਮ.ਪੀ.ਈ., ਐਮ.ਫਿਲ, ਪੀ.ਐਚ.ਡੀ.(98555-21535)
4. ਰਾਜਨੀਤੀ ਸ਼ਾਸ਼ਤਰ ਵਿਭਾਗ : ਖਾਲੀ
5. ਪੰਜਾਬੀ ਵਿਭਾਗ : **ਪ੍ਰੋ. ਵੀਰਪਾਲ ਕੌਰ ਐਮ.ਏ., ਐਮ.ਫਿਲ, ਬੀ.ਐੱਡ. (79868-28121)
6. ਇਤਿਹਾਸ ਵਿਭਾਗ : **ਪ੍ਰੋ. ਕੁਲਵਿੰਦਰ ਕੌਰ ਗਿੱਲ ਬੀ.ਐੱਡ, ਐਮ.ਏ., ਐਮ.ਐਡ. (98724-50845)
7. ਕੰਪਿਊਟਰ ਵਿਭਾਗ : **ਪ੍ਰੋ. ਮਨਜੋਤ ਮਾਨ ਐਮ.ਸੀ.ਏ.(78378-55751)
8. ਅੰਗਰੇਜ਼ੀ ਵਿਭਾਗ : ਖਾਲੀ
9. ਹਿੰਦੀ ਵਿਭਾਗ : ਖਾਲੀ
10. ਭੂਗੋਲ ਵਿਭਾਗ : ਖਾਲੀ

*ਪਾਰਟ ਟਾਈਮ ਪ੍ਰੋਫੈਸਰ

**ਗੈਸਟ ਫਕੈਲਟੀ ਪ੍ਰੋਫੈਸਰ

## ਦਫਤਰੀ ਅਮਲਾ

| | | |
|---|---|---|
| ਖਾਲੀ | : | ਸੁਪਰਡੈਂਟ |
| ਸ੍ਰੀਮਤੀ ਮਨਪ੍ਰੀਤ ਕੌਰ | : | ਲੇਖਾ/ਅਮਲਾ /ਕੰਪਿਊਟਰ ਕਲਰਕ (95922-00649) |
| ਖਾਲੀ | : | ਕਲਰਕ |

## ਦਰਜਾ ਚਾਰ ਕਰਮਚਾਰੀ

| | |
|---|---|
| ਸ੍ਰੀ ਜਸਬੀਰ ਸਿੰਘ | : ਚੌਂਕੀਦਾਰ |
| ਸ੍ਰੀ ਦੀਪਾ | : ਸਫਾਈ ਸੇਵਕ |
| ਸ੍ਰੀ ਹਰਮੀਤ ਸਿੰਘ | : ਸੇਵਾਦਾਰ |
| ਖਾਲੀ | : ਬੇਲਦਾਰ/ਮਾਲੀ |
| ਖਾਲੀ | : ਚੌਂਕੀਦਾਰ/ਮਾਲੀ |

# ਵਿਸ਼ਿਆਂ ਸਬੰਧੀ ਜਾਣਕਾਰੀ

## ❖ ਬੀ. ਏ. ਕੋਰਸ

ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਪੰਜਾਬੀ ਅਤੇ ਅੰਗਰੇਜ਼ੀ ਦੇ ਲਾਜ਼ਮੀ ਵਿਸ਼ੇ ਅਪਨਾਉਣ ਉਪਰੰਤ ਨਿਮਨ ਦਰਜ ਵਿਸ਼ਿਆਂ ਵਿੱਚੋਂ ਕੋਈ ਤਿੰਨ ਵਿਸ਼ਿਆਂ ਦਾ ਅਧਿਐਨ ਕਰਨਗੇ।

### ਵਿਸ਼ਾ (ਵਿਸ਼ਾ ਕੋਡ)

1. ਇਲੈਕਟਿਵ ਪੰਜਾਬੀ (20) / ਇਲੈਕਟਿਵ ਹਿੰਦੀ (22)
2. ਰਾਜਨੀਤੀ ਸ਼ਾਸ਼ਤਰ (12)
3. ਭੂਗੋਲ (25) / ਕੰਪਿਊਟਰ ਸਾਇੰਸ (44)
4. ਇਤਿਹਾਸ (11)
5. ਸਰੀਰਕ ਸਿੱਖਿਆ (15)

- ਡਰੱਗ ਅਬਿਊਜ਼ ਪ੍ਰਾਬਲਮ : ਮੈਨੇਜਮੈਂਟ ਐਂਡ ਪ੍ਰੀਵੈਂਸ਼ਨ (ਸਮੈਸਟਰ ਦੂਜਾ)
- ਵਾਤਾਵਰਣ ਅਤੇ ਸੜਕ ਸੁਰੱਖਿਆ ਜਾਗਰੂਕਤਾ (ਸਮੈਸਟਰ ਤੀਜਾ)

## ❖ ਕਿੱਤਾ ਮੁਖੀ ਕੋਰਸ– Creative Writing & Content Development

1 ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ) ਵੱਲੋਂ ਮਾਨਤਾ ਪ੍ਰਾਪਤ ਹੈ।
2 ਇਸਦੀ ਕੁੱਲ ਫੀਸ ਕੇਵਲ 1750/– ਹੈ।
3 ਇਹ ਕੋਰਸ ਵਿਦਿਆਰਥੀ ਆਪਣੀ ਬੀ.ਏ.ਦੀ ਪੜ੍ਹਾਈ ਦੀ ਰੈਗੂਲਰ ਪੜ੍ਹਾਈ ਦੇ ਨਾਲ–ਨਾਲ ਕਰ ਸਕਦੇ ਹਨ।
4 ਇਹ ਕੋਰਸ ਕੇਵਲ ਇੱਕ ਸਮੈਸਟਰ (6 ਮਹੀਨੇ) ਦਾ ਹੀ ਹੈ।
5 ਇਸ ਕੋਰਸ ਨੂੰ ਕਾਲਜ ਦੇ ਵਿਦਿਆਰਥੀ ਆਪਣੇ ਕਿਸੇ ਵੀ ਸਮੈਸਟਰ ਦੀ ਪੜ੍ਹਾਈ ਦੇ ਨਾਲ–ਨਾਲ ਕਰ ਸਕਦੇ ਹਨ।
6 ਜੇ ਕੋਈ ਕਾਲਜ ਦਾ ਵਿਦਿਆਰਥੀ ਨਹੀਂ ਵੀ ਹੈ, ਉਹ ਵੀ ਇਸ ਕਾਲਜ 'ਚ ਇਸ ਸਰਟੀਫਿਕੇਟ ਕੋਰਸ 'ਚ ਦਾਖਲਾ ਲੈ ਸਕਦਾ ਹੈ।
7 ਇਸਦੀ ਪੜ੍ਹਾਈ ਆਨਲਾਈਨ/ਆਫਲਾਈਨ ਵਿਧੀ ਰਾਹੀਂ ਕਰਵਾਈ ਜਾਵੇਗੀ।

**ਨੋਟ :**

1) ਕਿਸੇ ਵੀ ਵਿਦਿਆਰਥੀ ਨੂੰ ਉਹ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ,ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।
2) ਡਰੱਗ ਅਬਿਊਜ਼ ਪ੍ਰਾਬਲਮ : ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਅਤੇ ਵਾਤਾਵਰਣ ਅਤੇ ਸੜਕ ਸੁਰੱਖਿਆ ਜਾਗਰੂਕਤਾ ਪੇਪਰ ਯੂਨੀਵਰਸਿਟੀ ਦੁਆਰਾ Qualifying paper ਵਜੋਂ ਕੋਰਸ ਵਿੱਚ ਲਗਾਏ ਗਏ ਹਨ।ਇਹ ਵਿਸ਼ੇ ਵਿਦਿਆਰਥੀਆਂ ਨੇ ਤਿੰਨ ਸਾਲਾਂ ਵਿੱਚ ਇੱਕ ਵਾਰ ਪਾਸ ਕਰਨੇ ਹਨ। ਡਰੱਗ ਅਬਿਊਜ਼ ਪ੍ਰਾਬਲਮ ਵਿਸ਼ੇ ਦੀ ਪ੍ਰੀਖਿਆ ਬੀ.ਏ. ਭਾਗ ਪਹਿਲਾ, ਸਮੈਸਟਰ ਦੂਜਾ ਵਿੱਚ ਹੋਵੇਗੀ।
3) ਵਾਤਾਵਰਣ ਵਿਸ਼ਾ: ਵਾਤਾਵਰਣ ਵਿਸ਼ੇ ਦੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਡਰ ਗ੍ਰੇਜੂਏਟ ਪੱਧਰ ਦੇ ਕੋਰਸ ਦੇ ਭਾਗ ਪਹਿਲੇ ਦੀ ਥਾਂ ਭਾਗ ਦੂਜੇ ਵਿੱਚ ਹੋਵੇਗੀ। ਅਕਾਦਮਿਕ ਸ਼ੈਸ਼ਨ 2020–21 ਵਿੱਚ ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ 2022–23 ਵਿੱਚ ਬੀ.ਏ. ਭਾਗ ਦੂਜਾ, ਸਮੈਸਟਰ ਤੀਜਾ ਵਿੱਚ ਇਸ ਵਿਸ਼ੇ ਦੀ ਪ੍ਰੀਖਿਆ ਦੇਣਗੇ।

4) ਵਿਦਿਆਰਥੀ ਵੱਧ ਤੋਂ ਵੱਧ 2 ਪ੍ਰੈਕਟੀਕਲ ਵਿਸ਼ੇ ਹੀ ਲੈ ਸਕਦੇ ਹਨ।
5) ਬੀ.ਏ. ਭਾਗ II/III ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਸ਼ੇ ਬਦਲਣ ਦੀ ਆਗਿਆ ਨਹੀਂ ਹੈ। ਇਸ ਲਈ ਬੀ.ਏ. ਭਾਗ-I ਦੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਦਾਖਲਾ ਫਾਰਮ ਵਿੱਚ ਸੋਚ ਕੇ ਵਿਸ਼ੇ ਭਰਨ।
6) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ. 3124-3196/ਕਾਲਜ/ਸ-3, ਮਿਤੀ 18-5-2004 ਅਨੁਸਾਰ ਜੇਕਰ ਯੂਨੀਵਰਸਿਟੀ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿੱਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਇਸਦੀ ਸੂਚਨਾ ਵਿਦਿਆਰਥੀਆਂ ਨੂੰ ਨੋਟਿਸ ਬੋਰਡ ਰਾਂਹੀਂ ਕਰ ਦਿੱਤੀ ਜਾਵੇਗੀ।
7) ਬੀ.ਏ. ਭਾਗ-I ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਕਾਲਜ ਵਿੱਚ ਦਾਖਲਾ ਲੈਣ ਸਮੇਂ ਆਪਣੇ ਵਿਸ਼ੇ ਦੀ ਚੋਣ ਧਿਆਨ ਨਾਲ ਕਰਨ। ਫਾਰਮ ਵਿੱਚ ਭਰੇ ਗਏ ਵਿਸ਼ੇ ਨੂੰ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

# ਕਾਲਜ ਅਨੁਸਾਸ਼ਨ / ਚਿਤਾਵਨੀਆਂ / ਮਨਾਹੀਆਂ

1) ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਪਾਸੋਂ ਕਾਲਜ ਦੇ ਨਿਯਮਾਂ ਦਾ ਪਾਲਣ ਕਰਨ ਦੀ ਆਸ ਕੀਤੀ ਜਾਂਦੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ।
2) ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3) ਸਾਈਕਲ, ਸਕੂਟਰ ਤੇ ਮੋਟਰ ਸਾਈਕਲ ਨਿਸ਼ਚਿਤ ਕੀਤੀਆਂ ਥਾਂਵਾਂ ਉੱਤੇ ਹੀ ਖੜ੍ਹੇ ਕੀਤੇ ਜਾਣ, ਕਿਉਂਕਿ ਕਾਲਜ ਵਿੱਚ ਕਾਰ ਪਾਰਕਿੰਗ ਵਾਸਤੇ ਜਗ੍ਹਾ ਦੀ ਤੰਗੀ ਹੈ। ਇਸ ਲਈ ਵਿਦਿਆਰਥੀਆਂ ਦਾ ਕਾਲਜ ਵਿੱਚ ਕਾਰ ਲੈ ਕੇ ਆਉਣ ਮਨ੍ਹਾਂ ਹੈ।
4) ਕਾਲਜ ਕੈਂਪਸ ਵਿੱਚ ਸਿਗਰੇਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਹੈ। ਇਹ ਨਿਯਮ ਕਾਲਜ ਸਟਾਫ ਤੇ ਵੀ ਲਾਗੂ ਹੁੰਦਾ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾਵੇਗਾ।
5) ਕਾਲਜ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਖਤ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ। ਹਰ ਵਿਦਿਆਰਥੀ ਅਤੇ ਉਸਦੇ ਮਾਪਿਆਂ ਵੱਲੋਂ ਇਸ ਸਬੰਧੀ ਅੰਡਰਟੇਕਿੰਗ ਦੇਣੀ ਜਰੂਰੀ ਹੈ। ਇਹ ਅੰਡਰਟੇਕਿੰਗ ਦਾਖਲਾ ਫਾਰਮ ਨਾਲ ਨੱਥੀ ਹੈ।
6) ਬਾਹਰਲੇ ਵਿਦਿਆਰਥੀ ਜਾਂ ਵਿਅਕਤੀ ਨੂੰ ਨਾਲ ਲੈ ਕੇ ਆਉਣਾ ਮਨ੍ਹਾਂ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਲੋਕਲ ਨਹੀਂ ਰਹਿੰਦੇ, ਉਹਨਾਂ ਦੇ ਗਾਰਡੀਅਨ ਜ਼ਿੰਮੇਵਾਰ ਵਿਅਕਤੀ ਹੋਣ ਨਾ ਕਿ ਉਨ੍ਹਾਂ ਦੇ ਛੋਟੇ ਭੈਣ ਜਾਂ ਭਰਾ।
7) ਕਾਲਜ ਕੈਂਪਸ ਨੂੰ ਸਾਫ-ਸੁਥਰਾ ਰੱਖਣਾ ਹਰ ਵਿਦਿਆਰਥੀ ਦਾ ਫਰਜ਼ ਹੈ।
8) ਡੀ.ਪੀ.ਆਈ. (ਕਾਲਜਾਂ) ਪੰਜਾਬ, ਐਸ.ਏ.ਐਸ. ਨਗਰ ਜੀ ਦੇ ਮੀਮੋ ਨੰ. ਸਪੈਸ਼ਲ-1ਡਿ.ਡ(ਕਾ)2014 ਅਜੀਤਗੜ੍ਹ (ਮੋਹਾਲੀ) ਮਿਤੀ 17-01-2014 ਰਾਂਹੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ CWP ਨੰ.

10258 ਆਫ 2013 ਅਨੁਸਾਰ ਲੜਕੀਆਂ ਅਤੇ ਬੱਚਿਆਂ ਦੇ ਘਰੇਲੂ ਅਤੇ ਸਰੀਰਕ ਉਤਪੀੜਣ ਰੋਕਣ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ।ਜੋ ਕਿ ਹੇਠ ਲਿਖੇ ਅਨੁਸਾਰ ਹੈ-

1. ਪ੍ਰੋ. ਵੀਰਪਾਲ ਕੌਰ (ਕਨਵੀਨਰ), 79868-28121
2. ਪ੍ਰੋ. ਕੁਲਵਿੰਦਰ ਕੌਰ (ਮੈਂਬਰ), 98724-50845
3. ਪ੍ਰੋ ਮਨਜੋਤ ਮਾਨ (ਮੈਂਬਰ), 78378-55751

# ਦਾਖਲੇ ਲਈ ਨਿਯਮ

**1)** ਦਾਖਲਾ ਲੈਣ ਵਾਸਤੇ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਉਹ ਨਿਸ਼ਚਿਤ ਮਿਤੀ ਤੱਕ ਦਾਖਲਾ ਫਾਰਮ ਆਨ-ਲਾਈਨ ਅਤੇ ਆਫਲਾਈਨ ਹਰ ਤਰ੍ਹਾਂ ਮੁਕੰਮਲ ਕਰਕੇ ਦਫਤਰ ਵਿੱਚ ਦੇ ਕੇ ਰਸੀਦ ਪ੍ਰਾਪਤ ਕਰੇ।

**2)** ਦਾਖਲਾ ਸਿੱਖਿਆ ਵਿਭਾਗ ਪੰਜਾਬ/ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨਸਾਰ ਹੀ ਹੋਵੇਗਾ।

**3)** ਇਸ ਕਾਲਜ ਦੇ ਫੇਲ੍ਹ ਹੋਏ ਵਿਦਿਆਰਥੀਆਂ ਦੀਆਂ ਦਰਖਾਸਤਾਂ ਸਥਾਨ ਖਾਲੀ ਹੋਣ ਦੀ ਸੂਰਤ ਵਿੱਚ ਵਿਚਾਰੀਆਂ ਜਾਣਗੀਆਂ। ਅਜਿਹੇ ਵਿਦਿਆਰਥੀ ਜੋ ਲਗਾਤਾਰ ਦੋ ਸਾਲ ਫੇਲ੍ਹ ਹੋਣ ਜਾਂ ਦੋ ਸਾਲ ਦਾ ਗੈਪ ਹੋਵੇ, ਦੇ ਦਾਖਲੇ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**4)** ਦਾਖਲ ਹੋਣ ਵਾਲਾ ਵਿਦਿਆਰਥੀ ਖੁਦ ਦਾਖਲਾ ਕਮੇਟੀ ਸਾਹਮਣੇ ਹਾਜ਼ਰ ਹੋਵੇਗਾ। ਉਸਦੀ ਗੈਰ ਹਾਜ਼ਰੀ ਵਿੱਚ ਕਿਸੇ ਵੀ ਹਾਲਤ ਵਿੱਚ ਦਾਖਲਾ ਨਹੀਂ ਮਿਲੇਗਾ। ਇਸ ਸਮ੍ਹੇਂ ਹਰ ਵਿਦਿਆਰਥੀ ਲਈ ਆਪਣੇ ਅਸਲੀ ਸਰਟੀਫਿਕੇਟ ਵਿਖਾਉਣੇ ਜ਼ਰੂਰੀ ਹਨ।

**5)** ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤੀ ਜਾਂ ਗਲਤ ਬਿਆਨੀ ਕਰਕੇ ਜਾਂ ਗਲਤ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖਲ ਹੋ ਜਾਂਦਾ ਹੈ ਤਾਂ ਕਿਸੇ ਵੀ ਸਮ੍ਹੇਂ ਪਤਾ ਲੱਗਣ ਤੇ ਉਸਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

**6)** ਕਿਸੇ ਵੀ ਸ੍ਰੇਣੀ/ਵਿਸ਼ੇ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾਖਲੇ ਸਮੇਂ ਸਟਾਫ ਦੀ ਵਰਤਮਾਨ ਸਥਿਤੀ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

**7)** ਕਲਾਸ ਵਿੱਚ ਦਾਖਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਹ ਯੂਨੀਵਰਸਿਟੀ ਪ੍ਰੀਖਿਆ ਵਿੱਚ ਨਹੀਂ ਬੈਠ ਸਕੇਗਾ।

**8)** ਫੀਸ ਦਾਖਲਾ ਕਮੇਟੀ ਦੀ ਸ਼ਿਫਾਰਿਸ਼ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਹੋਵੇਗੀ।

**9)** ਕਿਸੇ ਵੀ ਸ਼੍ਰੇਣੀ ਵਿੱਚ ਦਾਖਲੇ ਲਈ ਪ੍ਰਿੰਸੀਪਲ ਸਾਹਿਬ ਦੇ ਅਧਿਕਾਰ ਰਾਖਵੇਂ ਹਨ ਅਤੇ ਕਿਸੇ ਕਾਰਨ ਕਿਸੇ ਵਿਦਿਆਰਥੀ ਨੂੰ ਦਾਖਲ ਕਰਨ ਤੋਂ ਵਰਜਿਆ ਜਾ ਸਕਦਾ ਹੈ।

**10)** 10+2 ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।

**ਨੋਟ :- ਫੀਸ ਭਰਨ ਉਪਰੰਤ ਰਸੀਦ ਲੈਣੀ ਜ਼ਰੂਰੀ ਹੈ।**

# ਦਾਖਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

## (ੳ) ਆਚਰਨ ਪ੍ਰਮਾਣ-ਪੱਤਰ

ਇਸ ਕਾਲਜ ਵਿੱਚ ਪਹਿਲੀ ਵਾਰ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਆਚਰਨ ਪ੍ਰਮਾਣ-ਪੱਤਰ ਉਸ ਸੰਸਥਾ ਦੇ ਮੁਖੀ ਵੱਲੋਂ ਪ੍ਰਦਾਨ ਕੀਤਾ ਹੋਵੇ, ਜਿੱਥੇ ਵਿਦਿਆਰਥੀ ਸਭ ਤੋਂ ਅੰਤ ਵਿੱਚ ਪੜ੍ਹਿਆ ਹੋਵੇ। ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫਸਰ ਵੱਲੋਂ ਪ੍ਰਾਪਤ ਸਰਟੀਫਿਕੇਟ ਦੇ ਸਕਦੇ ਹਨ।

## (ਅ) ਪਿਛਲਾ ਇਮਤਿਹਾਨ ਪਾਸ ਕਰਨ ਦਾ ਪ੍ਰਮਾਣ-ਪੱਤਰ

ਵਿਦਿਆਰਥੀ ਦੇ ਫਾਰਮ ਨਾਲ ਉਸਦੀ ਪਿਛਲੀ ਸ੍ਰੇਣੀ ਪਾਸ ਕਰਨ ਦੇ ਪ੍ਰਮਾਣ ਪੱਤਰ ਦੀ ਤਸਦੀਕ-ਸ਼ੁਦਾ ਨਕਲ ਜ਼ਰੂਰ ਲਗਾਈ ਜਾਵੇ।

## (ੲ) ਜਨਮ ਮਿਤੀ ਪ੍ਰਮਾਣ-ਪੱਤਰ

ਹਰ ਵਿਦਿਆਰਥੀ ਦੇ ਦਾਖਲਾ ਫਾਰਮ ਨਾਲ ਜਨਮ ਮਿਤੀ ਦਾ ਪ੍ਰਮਾਣ ਪੱਤਰ ਜ਼ਰੂਰ ਲੱਗਿਆ ਹੋਣਾ ਚਾਹੀਦਾ ਹੈ।

## (ਸ) ਜਾਤੀ/ਸ੍ਰੇਣੀ ਸਬੰਧੀ ਪ੍ਰਮਾਣ-ਪੱਤਰ

ਅਨੁਸੂਚਿਤ ਜਾਤੀਆਂ/ਕਬੀਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਦੇ ਮਾਪਿਆਂਵੱਲੋਂ ਯੋਗ ਅਧਿਕਾਰੀ ਵੱਲੋਂ ਆਮਦਨ ਸਰਟੀਫਿਕੇਟ, ਅਧਾਰ ਕਾਰਡ, ਜਾਤੀ ਸਰਟੀਫਿਕੇਟ, ਬੈਂਕ ਾ ਖਾਤਾ ਨੰਬਰ ਸਮੇਤ ਆਈ.ਐਫ.ਐਸ.ਸੀ. ਕੋਡ, ਦਾਖਲਾ ਫਾਰਮ ਨਾਲ ਲੱਗਿਆ ਹੋਣਾ ਜ਼ਰੂਰੀ ਹੈ। ਇਸ ਫਾਰਮ ਤੋਂ ਬਿਨ੍ਹਾਂ ਦਾਖਲਾ ਨਹੀਂ ਦਿੱਤਾ ਜਾਵੇਗਾ। ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਯੋਗ ਹੋਣ ਲਈ ਬੱਚਿਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2,50,000/- (ਢਾਈ ਲੱਖ) ਤੱਕ ਆਮਦਨ ਦਾ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀ ਦੇ ਮਾਤਾ-ਪਿਤਾ ਦੀ ਆਮਦਨ 1,00,000/- (ਇੱਕ ਲੱਖ) ਤੋਂ ਵੱਧ ਨਾ ਹੋਵੇ।

## (ਹ) ਪਾਸਪੋਰਟ ਸਾਈਜ਼ ਫੋਟੋਆਂ

ਹਰ ਵਿਦਿਆਰਥੀ ਦੇ ਫਾਰਮ ਨਾਲ ਨਿਸ਼ਚਿਤ ਸਥਾਨ ਉੱਪਰ ਉਸਦੀ ਰੰਗੀਨ ਤੇ ਤਾਜ਼ਾ ਫੋਟੋ ਗੂੰਦ ਨਾਲ ਚਿਪਕੀ ਹੋਣੀ ਜ਼ਰੂਰੀ ਹੈ, ਇੱਕ ਫੋਟੋ ਪਿੰਨ ਨਾਲ ਨੱਥੀ ਕੀਤੀ ਹੋਵੇ ਅਤੇ ਇੱਕ ਸ਼ਨਾਖਤੀ ਕਾਰਡ ਲਈ ਵੱਖਰੀ ਚਾਹੀਦੀ ਹੈ।

## (ਕ) ਮਾਈਗ੍ਰੇਸ਼ਨ ਸਰਟੀਫਿਕੇਟ

ਕਿਸੇ ਹੋਰ ਯੂਨੀਵਰਸਿਟੀ / ਬੋਰਡ ਵਿੱਚ ਪੜ੍ਹ ਰਹੇ ਵਿਦਿਆਰਥੀ ਨੂੰ ਯੂਨੀਵਰਸਿਟੀ / ਬੋਰਡ ਬਦਲੀ ਕਰਨ ਦਾ ਪ੍ਰਮਾਣ ਪੱਤਰ ਜ਼ਰੂਰ ਦੇਣਾ ਪਵੇਗਾ। ਅਜਿਹੇ ਵਿਦਿਆਰਥੀ ਆਪਣੀ ਪਿਛਲੀ ਸੰਸਥਾ ਵਿੱਚੋਂ ਪ੍ਰਾਪਤ ਕੀਤੇ ਲੈਕਚਰ ਸਬੰਧੀ ਅਧਿਆਪਕਾਂ ਪਾਸ ਖੁਦ ਦਰਜ ਕਰਵਾਉਗੇ।

**ਨੋਟ** : ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬੋਰਡਾਂ ਤੋਂ ਬਿਨ੍ਹਾਂ ਬਾਹਰਲੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ (Eligibility Certificate) ਲੈ ਕੇ ਆਉਣ। ਇਸ ਸਰਟੀਫਿਕੇਟ ਤੋਂ ਬਿਨਾਂ ਦਾਖਲਾ ਨਹੀਂ ਹੋਵੇਗਾ।

# ਰਾਖਵੀਆਂ ਸੀਟਾਂ

| Category | Percentage | | |
|---|---|---|---|
| General | 52 | General | 52 |
| SC | 20 | SC | 20 |
| BC | 08 | BC | 08 |
| Ex-Serviceman/ Ex-Serviceman(Dependent) | 13 | Ex-Serviceman/ Ex-Serviceman(Dependent) General | 07 |
| | | Ex-Serviceman/ Ex-Serviceman(Dependent) SC | 04 |
| | | Ex-Serviceman/ Ex-Serviceman(Dependent) BC | 02 |
| Freedom Fighters | 01 | Freedom Fighter General | 01 |
| PWD | 03 | PWD | 03 |
| Sports | 03 | Sports General | 02 |
| | | Sports SC | 01 |
| Total | 100 | | 100 |

ਨੋਟ : ਪੇਂਡੂ ਵਿਦਿਆਰਥੀਆਂ ਲਈ 10% ਵਾਧੂ ਸੀਟਾਂ ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਕੀਤੀ ਹੋਵੇ, ਜਿਹੜਾ ਕਿਸੇ ਮਿਉਂਸਪਲ ਕਾਰਪੋਰੇਸ਼ਨ / ਕਮੇਟੀ/ ਨੋਟੀਫਾਈਡ ਖੇਤਰ ਦੇ ਘੇਰੇ ਵਿੱਚ ਨਹੀਂ ਆਉਂਦਾ, ਅਖੀਰਲੀ ਜਮਾਤ ਤੋਂ ਪਹਿਲਾਂ ਪੰਜ ਸਾਲ ਅਜਿਹੇ ਸਕੂਲ ਦਾ ਵਿਦਿਆਰਥੀ ਰਿਹਾ ਹੋਵੇ।

# ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ

(ੳ) ਦਾਖਲਾ ਲੈਣ ਲਈ ਜਾਤੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਪੱਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਾਲਾਨਾ ਆਮਦਨ 1,00,000 ਰੁਪਏ ਤੋਂ ਘੱਟ ਹੈ, ਕੇਵਲ ਉਨ੍ਹਾਂ ਨੂੰ ਹੀ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਆਮਦਨ ਸਰਟੀਫਿਕੇਟ ਦੇਣਾ ਜ਼ਰੂਰੀ ਹੈ।

(ਅ) ਜਾਤੀ ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ, ਅਡੀਸ਼ਨਲ ਡਿਪਟੀ ਕਮਿਸ਼ਨਰ/ ਸਬ ਡਵੀਜ਼ਨਲ ਮੈਜਿਸਟ੍ਰੇਟ / ਕਾਰਜਕਾਰੀ ਮੈਜਿਸਟ੍ਰੇਟ/ ਫਸਟ ਕਲਾਸ ਮੈਜਿਸਟ੍ਰੇਟ/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ।

(ੲ) ਬੀ.ਐੱਸ.ਐੱਫ / ਆਰਮਡ ਫੋਰਸਜ਼/ ਸੀ. ਆਰ. ਪੀ. ਐੱਫ ਵਿੱਚ ਕੰਮ ਕਰ ਚੁੱਕੇ ਸਾਬਕਾ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸਬੰਧਿਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

(ਸ) ਖਿਡਾਰੀਆਂ ਦਾ ਦਾਖਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ ਉੱਤੇ ਟੈਸਟ ਲੈ ਕੇ ਪਰਖਣ ਉਪਰੰਤ ਕੀਤਾ ਜਾਂਦਾ ਹੈ। ਉਹ ਖਿਡਾਰੀ ਦਾਖਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿੱਚ ਕਾਲਜ ਵੱਲੋਂ ਹਿੱਸਾ ਲੈ ਸਕਣ। ਇਨ੍ਹਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਮਾਨਤਾ ਪ੍ਰਾਪਤ ਖੇਡਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ।

(ਹ) ਵਜੀਫੇ ਦੀ ਸਹੂਲਤ ਲਈ ਆਮਦਨ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਬਣਿਆ ਹੋਣਾ ਚਾਹੀਦਾ ਹੈ। ਬੈਂਕ ਕਾਪੀ ਖਾਤਾ ਅਧਾਰ ਨਾਲ ਜੁੜਿਆ ਹੋਵੇ, ਮਾਤਾ-ਪਿਤਾ ਦਾ ਅਧਾਰ ਕਾਰਡ ਵੀ ਜ਼ਰੂਰੀ ਹੈ।

(ਕ) ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖਲਾ ਫਾਰਮ ਨਾਲ ਸਬੰਧਿਤ ਸੰਸਥਾ ਦੇ ਮੁਖੀ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੋਵੇਗਾ। ਹਾਈ ਸਕੂਲ ਦੇ ਮੁਖੀ ਦੇ ਸਰਟੀਫਿਕੇਟ ਦਾ ਡੀ.ਈ.ਓ. ਦੁਆਰਾ ਤਸਦੀਕ ਹੋਣਾ ਜ਼ਰੂਰੀ ਹੈ। ਜੇਕਰ ਮਾਂ ਮਹਿਲਾ ਲੈਕਚਰਾਰ ਜਾਂ ਅਧਿਆਪਕ ਹੈ ਤਾਂ ਸਰਟੀਫਿਕੇਟ ਉੱਤੇ ਉਸਦੇ ਪਤੀ ਦਾ ਨਾ ਹੋਣਾ ਵੀ ਜ਼ਰੂਰੀ ਹੈ।

(ਖ) ਖਾੜਕੂਆਂ ਹੱਥੋਂ/ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ/ ਸਿੱਖ ਪ੍ਰਵਾਸੀਆਂ, ਅੰਦਰੂਨੀ ਪ੍ਰਵਾਸੀਆਂ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਸਬੰਧਿਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਸ਼ਨਾਖਤੀ ਕਾਰਡ ਸਰਟੀਫਿਕੇਟ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ।

(ਗ) ਵਿਦਿਆਰਥੀ ਜਿਨ੍ਹਾਂ ਵਰਗਾਂ ਲਈ ਰਾਖਵੀਂ ਸੀਟ ਦੀ ਸਵੈ-ਇੱਛਾ ਪ੍ਰਗਟ ਕਰਨਗੇ, ਉਨ੍ਹਾਂ ਸਬੰਧੀ ਜ਼ਰੂਰੀ ਦਸਤਾਵੇਜ਼ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ। ਭਿੰਨ-ਭਿੰਨ ਵਰਗਾਂ ਲਈ ਵੱਖਰੇ-ਵੱਖਰੇ ਦਾਖਲਾ ਫਾਰਮ ਭਰੇ ਜਾਣ।

(ਘ) ਅਨੁਸੂਚਿਤ ਜਾਤੀ / ਪਛੜੀ ਸ਼੍ਰੇਣੀ/ ਘੱਟ ਗਿਣਤੀ ਆਦਿ ਨਾਲ ਸਬੰਧਿਤ ਵਿਦਿਆਰਥੀਆਂ ਲਈ ਕਾਲਜ ਵਿੱਚ 75% ਹਾਜ਼ਰੀ ਹੋਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸਰਕਾਰ ਵੱਲੋਂ ਦਿੱਤੀ ਜਾਂਦੀ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਦਾ ਉਹ ਹੱਕਦਾਰ ਨਹੀਂ ਹੋਣਗੇ।

(ਙ) ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ / ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ / ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਲਈ ਵੱਖ-ਵੱਖ ਸਕੀਮਾਂ ਅਨੁਸਾਰ ਸਹਾਇਤਾ ਅਤੇ ਵਜ਼ੀਫੇ ਦਿੱਤੇ ਜਾਂਦੇ ਹਨ। ਜਿਨ੍ਹਾਂ ਲਈ ਵਿਦਿਆਰਥੀਆਂ ਵੱਲੋਂ ਫਾਰਮ ਭਰ ਕੇ ਸਮੇਂ ਸਿਰ ਦਫਤਰ ਵਿਖੇ ਜਮ੍ਹਾਂ ਕਰਵਾਉਣੇ ਹੋਣਗੇ। ਗਰੀਬ, ਲਾਇਕ ਅਤੇ ਭੈਣ-ਭਰਾ ਦੇ ਅਧਾਰ ਤੇ ਫੀਸ ਮੁਆਫ ਕਰਨ ਦੀ ਵਿਵਸਥਾ ਹੈ।

**ਨੋਟ** : ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਯੋਗ ਅਧਿਕਾਰੀ ਵੱਲੋਂ ਆਮਦਨ ਸਰਟੀਫਿਕੇਟ, ਬੈਂਕ ਖਾਤਾ ਨੰਬਰ ਸਮੇਤ ਆਈ.ਐਫ.ਐਸ.ਸੀ. ਕੋਡ, ਅਧਾਰ ਕਾਰਡ ਲਗਾਉਣਾ ਜ਼ਰੂਰੀ ਹੈ, ਨਹੀਂ ਤਾਂ ਫੀਸ ਮੁਆਫ ਨਹੀਂ ਕੀਤੀ ਜਾਵੇਗੀ ਅਤੇ ਵਜੀਫੇ ਦੀ ਸਹੂਲਤ ਵੀ ਨਹੀਂ ਮਿਲੇਗੀ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮ

1) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹਰੇਕ ਵਿਦਿਆਰਥੀ ਨੂੰ ਆਪਣੀਆਂ ਸਾਰੀਆਂ ਕਲਾਸਾਂ ਵਿੱਚ ਅਧਿਆਪਕ ਵਲੋਂ ਲਾਈਆਂ ਕੁੱਲ ਹਾਜ਼ਰੀਆਂ ਵਿੱਚੋਂ 75% ਹਾਜ਼ਰੀਆਂ ਪ੍ਰਾਪਤ ਕਰਨੀਆਂ ਲਾਜ਼ਮੀ ਹਨ।

2) ਛੁੱਟੀ ਲੈਣ ਲਈ ਬਿਨੈ ਪੱਤਰ ਛੁੱਟੀ ਤੇ ਜਾਣ ਤੋਂ ਪਹਿਲਾਂ ਦਿੱਤਾ ਜਾਣਾ ਚਾਹੀਦਾ ਹੈ। 5 ਦਿਨਾਂ ਤੋਂ ਵੱਧ ਬਿਮਾਰੀ ਦੀ ਛੁੱਟੀ ਲਈ ਮੈਡੀਕਲ ਸਰਟੀਫਿਕੇਟ ਲਿਆਉਣਾ ਜ਼ਰੂਰੀ ਹੈ।

3) ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਹੜਾ ਵਿਦਿਆਰਥੀ 7 ਦਿਨ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ ਬਿਨਾਂ ਛੁੱਟੀ ਗੈਰ-ਹਾਜ਼ਰ ਰਹੇਗਾ, ਉਸਦਾ ਨਾਂ ਹਾਜ਼ਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ। ਦੁਬਾਰਾ ਦਾਖਲਾ ਲੈਣ ਲਈ ਵਿਦਿਆਰਥੀ ਹੱਕਦਾਰ ਨਹੀਂ ਹੋਵੇਗਾ, ਵਿਸ਼ੇਸ਼ ਕਾਰਨਾਂ ਅਧੀਨ ਹੀ ਵਿਦਿਆਰਥੀ ਨੂੰ ਦੁਬਾਰਾ ਦਾਖਲ ਕੀਤਾ ਜਾਵੇਗਾ।

4) ਜੇ ਕਿਸੇ ਵਿਦਿਆਰਥੀ ਦਾ ਵਿਵਹਾਰ ਠੀਕ ਨਹੀਂ ਹੋਵੇਗਾ, ਤਾਂ ਪ੍ਰਿੰਸੀਪਲ ਉਸਦਾ ਨਾਂ ਕੱਟਣ ਦੇ ਆਦੇਸ਼ ਦੇ ਸਕਦੇ ਹਨ।

ਨੋਟ : ਵਿਦਿਆਰਥੀ ਵੱਲੋਂ ਲਈ ਗਈ ਕਿਸੇ ਵੀ ਤਰ੍ਹਾਂ ਦੀ ਛੁੱਟੀ ਦਾ ਲਾਭ ਹਾਜ਼ਰੀਆਂ ਦੀ ਕਮੀ ਪੂਰੀ ਕਰਨ ਹਿੱਤ ਨਹੀਂ ਦਿੱਤਾ ਜਾਵੇਗਾ।

# ਵਜ਼ੀਫੇ, ਫੀਸ ਮੁਆਫੀ ਅਤੇ ਹੋਰ ਸਹੂਲਤਾਂ

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਗਿਣਤੀ ਦੇ ਵਿਦਿਆਰਥੀਆਂ ਨੂੰ ਕਾਲਜ / ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਲਈ ਵੱਖ-ਵੱਖ ਸਕੀਮਾਂ ਅਨੁਸਾਰ ਸਹਾਇਤਾ ਅਤੇ ਵਜ਼ੀਫੇ ਦਿੱਤੇ ਜਾਂਦੇ ਹਨ। ਜਿਨ੍ਹਾਂ ਲਈ ਵਿਦਿਆਰਥੀਆਂ ਵੱਲੋਂ ਫਾਰਮ ਭਰ ਕੇ ਸਮੇਂ ਸਿਰ ਦਫਤਰ ਵਿੱਚ ਜਮ੍ਹਾਂ ਕਰਵਾਉਣੇ ਹੋਣਗੇ। ਗਰੀਬ, ਲਾਇਕ ਅਤੇ ਭੈਣ-ਭਰਾ ਦੇ ਅਧਾਰ ਤੇ ਫੀਸ ਮੁਆਫ ਕਰਨ ਦੀ ਵਿਵਸਥਾ ਹੈ।

ਨੋਟ : ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਯੋਗ ਅਧਿਕਾਰੀ ਵੱਲੋਂ ਆਮਦਨ ਸਰਟੀਫਿਕੇਟ, ਬੈਂਕ ਖਾਤਾ ਨੰਬਰ ਸਮੇਤ ਆਈ.ਐਫ.ਐਸ.ਸੀ. ਕੋਡ, ਅਧਾਰ ਕਾਰਡ ਲਗਾਉਣਾ ਜ਼ਰੂਰੀ ਹੈ, ਨਹੀਂ ਤਾਂ ਫੀਸ ਮੁਆਫ ਨਹੀਂ ਕੀਤੀ ਜਾਵੇਗੀ ਅਤੇ ਵਜੀਫੇ ਦੀ ਸਹੂਲਤ ਵੀ ਨਹੀਂ ਮਿਲੇਗੀ।

# ਐਂਟੀ ਰੈਗਿੰਗ ਸਬੰਧੀ ਦਿਸ਼ਾ ਨਿਰਦੇਸ਼

ਸਮੂਹ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਾਖਲਾ ਫਾਰਮ ਭਰਨ ਸਮੇਂ ਆਪਣੀ E-Mail ID ਅਤੇ ਮੋਬਾਇਲ ਨੰ. ਜ਼ਰੂਰ ਭਰਨ, ਕਿਉਂਕਿ ਯੂ.ਜੀ.ਸੀ. ਦੀਆਂ ਹਦਾਇਤਾਂ ਮੁਤਾਬਿਕ ਹਰ ਵਿਦਿਆਰਥੀ ਨੂੰ ਆਪਣੇ ਅਤੇ ਆਪਣੇ ਮਾਪਿਆਂ ਵੱਲੋਂ ਐਂਟੀ ਰੈਗਿੰਗ ਸਬੰਧੀ ਸਰਟੀਫਿਕੇਟ ਦੇਣਾ ਜਰੂਰੀ ਹੈ, ਜੋ ਕਿ ਉਨ੍ਹਾਂ ਦੀ E-Mail ID (www.antiragging.in) ਰਾਂਹੀਂ ਹੀ ਆਨ ਲਾਈਨ ਭਰਿਆ ਜਾਣਾ ਹੈ ਅਤੇ ਦੋਵੇਂ ਸਰਟੀਫਿਕੇਟਾਂ ਦੀ ਪ੍ਰਿੰਟ ਕਾਪੀ ਲੈ ਕੇ ਦਾਖਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਖਲਾ ਰੱਦ ਕੀਤਾ ਜਾ ਸਕਦਾ ਹੈ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

# ਟਿਊਟੋਰੀਅਲ/Mentor ਪ੍ਰਣਾਲੀ

ਕਾਲਜ ਵਿੱਚ ਦਾਖਲ ਹੋਣ ਵਾਲੇ ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ/Mentor ਗਰੁੱਪ ਨਿਯਤ ਕੀਤਾ ਜਾਂਦਾ ਹੈ ਅਤੇ ਉਸ ਨੂੰ ਇੱਕ ਟਿਊਟਰ/Mentor ਦੀ ਖਾਸ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਟਿਊਟਰ/Mentor ਵਿਦਿਆਰਥੀ ਦੇ ਕਾਰਜਾਂ ਸਬੰਧੀ ਸਲਾਹ ਦਿੰਦਾ ਹੈ ਅਤੇ ਉਸਦੀ ਭਲਾਈ ਦਾ ਖਿਆਲ ਰੱਖਦਾ ਹੈ। ਵਿਦਿਆਰਥੀ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਰਿਆਇਤਾਂ ਟਿਊਟਰ/Mentor ਦੀ ਸ਼ਿਫਾਰਸ਼ ਤੇ ਹੀ ਮਿਲਣਗੀਆਂ।

# ਪ੍ਰਾਕਟੋਰੀਅਲ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਕਰਨ ਅਤੇ ਯੋਗ ਅਗਵਾਈ ਦੇਣ ਲਈ ਇਹ ਪ੍ਰਣਾਲੀ ਕਾਲਜ ਵਿੱਚ ਲਾਗੂ ਹੈ। ਪ੍ਰਾਕਟਰ (ਨਿਗਰਾਨ ਅਧਿਆਪਕ) ਵਿਦਿਆਰਥੀਆਂ ਨੂੰ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਕਰਨ ਦੀ ਸਲਾਹ ਦਿੰਦੇ ਹਨ। ਉਹ ਕਿਸੇ ਵਿਦਿਆਰਥੀ ਵੱਲੋਂ ਕੀਤੀ ਗਈ ਅਨੁਸ਼ਾਸ਼ਨਹੀਣਤਾ ਦੀ ਰਿਪੋਰਟ ਪ੍ਰਿੰਸੀਪਲ ਨੂੰ ਕਰਨਗੇ। ਵਿਦਿਆਰਥੀ ਨੂੰ ਅਧਿਆਪਕ / ਪ੍ਰਿੰਸੀਪਲ ਵਲੋਂ ਪੁੱਛੇ ਜਾਣ ਤੇ ਆਪਣਾ ਪਹਿਚਾਣ-ਪੱਤਰ ਦਿਖਾਉਣਾ ਪਵੇਗਾ। ਅਜਿਹਾ ਨਾ ਕਰਨ ਤੇ ਵਿਦਿਆਰਥੀ ਵਿਰੁੱਧ ਅਨੁਸਾਸ਼ਨਹੀਣਤਾ ਦੀ ਕਾਰਵਾਈ ਕੀਤੀ ਜਾਵੇਗੀ।

ਹਰੇਕ ਵਿਦਿਆਰਥੀ ਆਪਣਾ ਪਹਿਚਾਣ-ਪੱਤਰ ਲੈ ਕੇ ਹੀ ਕਾਲਜ ਆਏ। ਕਿਸੇ ਬਾਹਰਲੇ ਵਿਦਿਆਰਥੀ ਜਾਂ ਅਣਅਧਿਕਾਰਤ ਵਿਅਕਤੀ ਦੇ ਕਾਲਜ ਵਿੱਚ ਬਿਨਾਂ ਪ੍ਰਵਾਨਗੀ ਪ੍ਰਵੇਸ਼ ਕਰਨ ਤੇ ਸਖਤ ਪਾਬੰਦੀ ਹੈ।

# ਰੇਲਵੇ / ਬੱਸ ਪਾਸ

ਕਾਲਜ ਰਾਂਹੀਂ ਵਿਦਿਆਰਥੀਆਂ ਨੂੰ ਰਿਆਇਤੀ ਰੇਲਵੇ / ਬੱਸ ਪਾਸ ਬਣਵਾ ਕੇ ਦਿੱਤੇ ਜਾਂਦੇ ਹਨ। ਇਹ ਪਾਸ ਹਾਸਲ ਕਰਨ ਲਈ ਵਿਦਿਆਰਥੀ ਦਾਖਲ ਹੋਣ ਸਮੇਂ ਰੇਲਵੇ / ਬੱਸ ਪਾਸ ਫਾਰਮ ਭਰਨ ਲਈ ਆਪਣੀਆਂ ਦੋ ਪਾਸਪੋਰਟ ਸਾਈਜ਼ ਦੀਆਂ ਨਵੀਆਂ ਫੋਟੋਆਂ ਨਾਲ ਲੈ ਕੇ ਆਉਣ। ਰੇਲਵੇ / ਬੱਸ ਪਾਸ ਲਈ ਦਿੱਤੇ ਗਏ ਫਾਰਮ 'ਤੇ ਇੰਚਾਰਜ ਅਧਿਆਪਕ ਦੀ ਸ਼ਿਫਾਰਿਸ਼ ਹੋਣੀ ਜ਼ਰੂਰੀ ਹੈ।

# ਸਾਈਕਲ / ਸਕੂਟਰ ਸਟੈਂਡ

**ਵਾਹਨਾਂ ਦੀ ਸੁਰੱਖਿਆ ਲਈ ਨਿਮਨਲਿਖਤ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ :**

1) ਵਿਦਿਆਰਥੀਆਂ ਲਈ ਕਾਰਾਂ / ਜੀਪਾਂ ਵਰਗੇ ਵਾਹਨਾਂ ਉੱਤੇ ਕਾਲਜ ਆਉਣਾ ਵਰਜ਼ਿਤ ਹੈ।
2) ਹਰ ਵਿਦਿਆਰਥੀ ਆਪਣਾ ਵਾਹਨ ਨਿਸ਼ਚਿਤ ਸਥਾਨ ਉੱਪਰ (ਮੁੱਖ ਗੇਟ ਦੇ ਬਿਲਕੁੱਲ ਨਾਲ, ਖੱਬੇ ਪਾਸੇ) ਹੀ ਖੜ੍ਹਾ ਕਰੇਗਾ।
3) ਹਰ ਕਿਸੇ ਲਈ ਆਪਣੇ ਵਾਹਨ ਨੂੰ ਤਾਲਾ ਲਗਾ ਕੇ ਰੱਖਣਾ ਜ਼ਰੂਰੀ ਹੈ।
4) ਕਿਸੇ ਵਾਹਨ ਦੇ ਗੁੰਮ ਹੋ ਜਾਣ ਜਾਂ ਨੁਕਸਾਨੇ ਜਾਣ ਦੀ ਸੂਰਤ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
5) **ਵਿਦਿਆਰਥੀਆਂ ਵੱਲੋਂ ਪ੍ਰਬੰਧਕੀ ਬਲਾਕ ਵੱਲ ਵਾਹਨ ਲੈ ਕੇ ਜਾਣ ਦੀ ਸਖਤ ਮਨਾਹੀ ਹੈ। ਉਲੰਘਣਾ ਕਰਨ ਵਾਲੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।**

# ਖੇਡਾਂ ਤੇ ਸਰੀਰਕ ਸਿੱਖਿਆ

ਕਾਲਜ ਵਿੱਚ ਐਥਲੈਟਿਕਸ ਅਤੇ ਹਾਕੀ, ਕ੍ਰਿਕਟ, ਵਾਲੀਬਾਲ, ਫੁੱਟਬਾਲ, ਕਬੱਡੀ, ਬਾਸਕਟਬਾਲ, ਵੇਟ-ਲਿਫਟਿੰਗ ਆਦਿ ਖੇਡਾਂ ਦਾ ਸੁਚੱਜਾ ਪ੍ਰਬੰਧ ਹੈ। ਇਹਨਾਂ ਖੇਡਾਂ ਵਿੱਚ ਖਿਡਾਰੀਆਂ ਦਾ ਉਤਸ਼ਾਹ ਵਧਾਉਣ ਲਈ ਉਹਨਾਂ ਨੂੰ ਅੰਤਰ-ਕਾਲਜ ਮੁਕਾਬਲਿਆਂ, ਯੂਨੀਵਰਸਿਟੀ ਅਤੇ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੇ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ।

ਜ਼ਰੂਰੀ ਨੋਟ : ਸਰੀਰਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਹਰ ਵਿਦਿਆਰਥੀ / ਵਿਦਿਆਰਥਣ ਲਈ ਅਥਲੈਟਿਕਸ ਦੇ ਦੋ ਈਵੈਂਟ ਅਤੇ ਉੱਪਰ ਲਿਖੀਆਂ ਖੇਡਾਂ ਵਿੱਚੋਂ ਕਿਸੇ ਇੱਕ ਖੇਡ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ ਅਤੇ ਵਿਦਿਆਰਥੀ ਕੋਲ ਪਿਛਲੀ ਕਲਾਸ ਦੌਰਾਨ ਖੇਡਾਂ ਵਿੱਚ ਭਾਗ ਲੈਣ ਦਾ ਸਰਟੀਫਿਕੇਟ ਹੋਣਾ ਜ਼ਰੂਰੀ ਹੈ।

# ਨੈਸ਼ਨਲ ਸਰਟੀਫਿਕੇਟ ਸਕੀਮ

ਇਸ ਯੋਜਨਾ ਦਾ ਮੰਤਵ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ। ਵਾਲੰਟੀਅਰਾਂ ਲਈ ਸਾਲ ਵਿੱਚ 120 ਘੰਟੇ ਸੇਵਾ ਕਰਨੀ ਜ਼ਰੂਰੀ ਹੈ। ਇਸ ਵਿੱਚ ਅੱਠ ਘੰਟਿਆਂ ਦੇ ਛੇ ਇੱਕ ਰੋਜ਼ਾ ਕੈਂਪ ਅਤੇ ਸਾਲ ਵਿੱਚ ਇੱਕ ਵਾਰ ਦਸ ਰੋਜ਼ਾ ਕੈਂਪ ਲਗਾਇਆ ਜਾਂਦਾ ਹੈ।ਇਸਦਾ ਆਯੋਜਨ ਕਰਨਾ, ਕਾਲਜ ਕੈਂਪਸ ਨੂੰ ਸੁੰਦਰ ਬਣਾਉਣਾ, ਪੌਦੇ ਲਗਾਉਣਾ ਅਤੇ ਖ਼ੂਨਦਾਨ ਕਰਨਾ ਸ਼ਾਮਲ ਹੈ।

# ਪੀ.ਟੀ.ਏ. ਸੰਗਠਨ

ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਕਾਲਜ ਦੇ ਸਮੁੱਚੇ ਵਿਕਾਸ ਹਿੱਤ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਪੰਜਾਬ ਸਰਕਾਰ ਦੇ ਪੱਤਰ ਨੰ. 3/3/95-5 ਸਿ 15902 ਮਿਤੀ ਚੰਡੀਗੜ੍ਹ 25-3-98 ਅਨੁਸਾਰ ਪੀ.ਟੀ.ਏ. ਦੀ ਸਥਾਪਨਾ ਕੀਤੀ ਗਈ ਹੈ। ਇਸ ਲਈ ਸਾਰੇ ਅਧਿਆਪਕ ਅਤੇ ਹਰੇਕ ਵਿਦਿਆਰਥੀ ਦੇ ਮਾਪੇ ਹਰ ਸਾਲ ਅਗਸਤ ਦੇ ਪਹਿਲੇ/ਦੂਜੇ ਹਫਤੇ ਕਾਰਜ-ਸਾਧਕ ਕਮੇਟੀ ਦੀ ਚੋਣ ਕਰਦੇ ਹਨ। ਇਹ ਕਮੇਟੀ ਕਾਲਜ ਪ੍ਰਿੰਸੀਪਲ ਦੀ ਰਹਿਨੁਮਾਈ ਵਿੱਚ ਸਾਰਾ ਸਾਲ ਆਪਸੀ ਤਾਲਮੇਲ ਨਾਲ ਪੀ.ਟੀ.ਏ. ਦਾ ਸਮੁੱਚਾ ਕੰਮ-ਕਾਜ ਦੇਖਦੀ ਹੈ ਅਤੇ ਵਿਦਿਆਰਥੀ ਵਰਗ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਸਹਿਯੋਗ ਕਰਦੀ ਹੈ।

ਜਨਰਲ ਬਾਡੀ ਦੀ ਸਾਲਾਨਾ ਮੀਟਿੰਗ ਸੰਬੰਧੀ ਨੋਟਿਸ ਕਾਲਜ ਦੇ ਨੋਟਿਸ ਬੋਰਡ ਤੇ ਲੱਗੇਗਾ। ਇਸ ਬਾਰੇ ਵਿਦਿਆਰਥੀ ਆਪਣੇ ਮਾਪਿਆਂ ਨੂੰ ਜਰੂਰ ਸੁਚੇਤ ਕਰਨ।

# ਸੱਭਿਆਚਾਰਕ ਗਤੀਵਿਧੀਆਂ

ਵਿਦਿਆਰਥੀਆਂ ਨੂੰ ਵਿਭਿੰਨ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਗਾਇਕੀ, ਲੋਕ ਨਾਚ, ਨਾਟਕ, ਪੇਂਟਿੰਗ, ਡੀਬੇਟ, ਕਾਵਿ -ਉਚਾਰਨ, ਭਾਸ਼ਣ ਪ੍ਰਤੀਯੋਗਤਾ ਆਦਿ ਵਿੱਚ ਭਾਗ ਲੈਣ ਲਈ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਅੰਤਰ-ਕਾਲਜ, ਯੂਨੀਵਰਸਿਟੀ ਅਤੇ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਜਨਤਾ ਵਿੱਚ ਬੋਲਣ, ਆਪਣੇ ਕਲਾਤਮਕ ਗੁਣਾਂ ਨੂੰ ਪ੍ਰਫੁੱਲਤ ਕਰਨ ਅਤੇ ਸਿਹਤਮੰਤ ਝੁਕਾਅ ਪੈਦਾ ਕਰਨ ਲਈ ਕਾਲਜ ਵਿਖੇ ਸਾਹਿਤਕ ਤੇ ਸੱਭਿਆਚਾਰਕ ਸਭਾਵਾਂ ਕਾਰਜਸ਼ੀਲ ਹਨ। ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਸਮੇਂ-ਸਮੇਂ ਸਿਰ ਵਿੱਦਿਅਕ ਟੂਰ ਲਿਜਾਣ ਦਾ ਪ੍ਰਬੰਧ ਕੀਤਾ ਜਾਂਦਾ ਹੈ।

# ਕਾਲਜ ਕਲਰ ਅਤੇ ਰੋਲ ਆਫ ਆਨਰ

ਪੜ੍ਹਾਈ, ਖੇਡਾਂ, ਸੱਭਿਆਚਾਰਕ ਸਰਗਰਮੀਆਂ ਅਤੇ ਐਨ.ਐਸ.ਐਸ. ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਹਨਾ ਦੀ ਮੈਰਿਟ ਦੇ ਅਧਾਰ ’ਤੇ ਕਾਲਜ ਕਲਰ ਜਾਂ ਰੋਲ ਆਫ ਆਨਰ ਪ੍ਰਦਾਨ ਕੀਤਾ ਜਾਵੇਗਾ। ਪ੍ਰਿੰਸੀਪਲ ਵੱਲੋਂ ਕਾਲਜ ਸਟਾਫ ਵਿੱਚੋਂ ਮਨੋਨੀਤ ਕਮੇਟੀ ਇਸ ਸਬੰਧੀ ਮੈਰਿਟ ਦੇ ਅਧਾਰ ’ਤੇ ਫੈਸਲਾ ਲਵੇਗੀ, ਜੋ ਸਭ ਨੂੰ ਮਨਜ਼ੂਰ ਹੋਵੇਗਾ।

# ਲਾਇਬ੍ਰੇਰੀ

ਕਾਲਜ ਵਿੱਚ ਕਾਫੀ ਵੱਡੀ ਲਾਇਬ੍ਰੇਰੀ ਹੈ। ਇਸ ਵਿੱਚ ਮੁੱਖ ਲਾਇਬ੍ਰੇਰੀ ਅਤੇ ਰੀਡਿੰਗ ਰੂਮ ਸ਼ਾਮਿਲ ਹਨ। ਕਾਲਜ ਦੇ ਸਾਰੇ ਰੈਗੂਲਰ ਵਿਦਿਆਰਥੀ ਸ਼ੈਸ਼ਨ ਦੌਰਾਨ ਲਾਇਬ੍ਰੇਰੀ ਦੇ ਮੈਂਬਰ ਬਣ ਸਕਦੇ ਹਨ। ਇਹ ਵਿਦਿਆਰਥੀਆਂ ਦੇ ਹਿੱਤ ਵਿੱਚ ਹੈ ਕਿ ਉਹ ਹਰ ਰੋਜ਼ ਲਾਇਬ੍ਰੇਰੀ ਰੀਡਿੰਗ-ਰੂਮ ਵਿੱਚ ਜਾ ਕੇ ਅਖਬਾਰਾਂ, ਰਸਾਲੇ ਅਤੇ ਪੁਸਤਕਾਂ ਨਿਯਮਿਤ ਰੂਪ ਵਿੱਚ ਪੜ੍ਹਨ।

# ਲਾਇਬ੍ਰੇਰੀ ਨਿਯਮ

1) ਹਰ ਜਮਾਤ ਦੇ ਵਿਦਿਆਰਥੀ ਨੂੰ ਇੱਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ।
2) ਜੇ ਵਿਦਿਆਰਥੀ ਕਾਲਜ ਪੁਸਤਕਾਲੇ ਦੀ ਕਿਤਾਬ ਗਵਾ ਦੇਵੇ ਜਾਂ ਖਰਾਬ ਕਰ ਦੇਵੇ ਤਾਂ ਉਸ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ
3) ਹਰ ਵਿਦਿਆਰਥੀ ਨੂੰ ਇੱਕ ਲਾਇਬ੍ਰੇਰੀ ਕਾਰਡ ਦਿੱਤਾ ਜਾਂਦਾ ਹੈ। ਇਹ ਕਾਰਡ ਸ਼ਨਾਖਤੀ ਕਾਰਡ ਦਾ ਹੀ ਭਾਗ ਹੋਵੇਗਾ। ਕਿਤਾਬ ਲੈਣ ਜਾਂ ਜਮ੍ਹਾਂ ਕਰਵਾਉਣ ਦਾ ਇੰਦਰਾਜ ਇਸ ਕਾਰਡ ਤੇ ਹੀ ਕੀਤਾ ਜਾਵੇਗਾ।
4) ਸੁਰੱਖਿਅਤ ਹਵਾਲਾ-ਪੁਸਤਕਾਂ, ਮਹਾਂਕੋਸ਼, ਇਨਸਾਈਕਲੋਪੀਡੀਆ, ਐਟਲਸਾਂ ਆਦਿ ਲੋੜ ਪੈਣ ਤੇ ਪੁਤਕਾਲੇ ਵਿੱਚੋਂ ਲਾਇਬ੍ਰੇਰੀਅਨ ਦੀ ਆਗਿਆ ਨਾਲ ਵਾਚੀਆਂ ਜਾ ਸਕਦੀਆਂ ਹਨ ਪਰ ਕਿਸੇ ਵੀ ਹਾਲਤ ਵਿੱਚ ਉਧਾਰ ਨਹੀਂ ਦਿੱਤੀਆਂ ਜਾ ਸਕਦੀਆਂ।
5) ਪੁਸਤਕਾਲੇ ਵਿੱਚੋਂ ਉਧਾਰ ਪੁਸਤਕ ਵੱਧ ਤੋਂ ਵੱਧ 14 ਦਿਨਾਂ ਲਈ ਰੱਖੀ ਜਾ ਸਕਦੀ ਹੈ। ਜੇ ਮਿਆਦ ਖਤਮ ਹੋਣ ’ਤੇ ਪੁਸਤਕ ਵਾਪਿਸ ਨਾ ਕੀਤੀ ਜਾਵੇ ਤਾਂ 50 ਪੈਸੇ ਪ੍ਰਤੀ ਦਿਨ ਜੁਰਮਾਨਾ ਕੀਤਾ ਜਾਵੇਗਾ।

# ਪਹਿਚਾਣ ਪੱਤਰ ਕਮ ਲਾਇਬ੍ਰੇਰੀ ਕਾਰਡ

ਹਰ ਵਿਦਿਆਰਥੀ ਨੂੰ ਕਾਲਜ ਵੱਲੋਂ ਇੱਕ ਪਹਿਚਾਣ ਪੱਤਰ ਕਮ ਲਾਇਬ੍ਰੇਰੀ ਕਾਰਡ ਦਿੱਤਾ ਜਾਵੇਗਾ, ਜਿਸ ਦੀ ਸੰਭਾਲ ਲਈ ਉਹ ਜਾਤੀ ਤੌਰ ਤੇ ਜ਼ਿੰਮੇਵਾਰ ਹੋਵੇਗਾ ਤੇ ਪਹਿਚਾਣ ਪੱਤਰ ਗੁੰਮ ਹੋਣ ਤੇ ਪੁਲਿਸ ਕੋਲ ਐਫ.ਆਈ.ਆਰ. ਦਰਜ ਕਰਵਾਉਣ ਉਪਰੰਤ ਨਵਾਂ ਪਹਿਚਾਣ ਪੱਤਰ 30 ਰੁਪਏ ਜਮ੍ਹਾਂ ਕਰਵਾ ਕੇ ਬਣਾਇਆ ਜਾ ਸਕਦਾ ਹੈ। ਕਾਲਜ ਵਿੱਚ ਦਾਖਲਾ ਲੈਣ ਉਪਰੰਤ ਨਿਰਧਾਰਿਤ ਮਿਤੀਆਂ ਅਤੇ ਸਮੇਂ ਅਨੁਸਾਰ ਲਾਇਬ੍ਰੇਰੀ ਵਿੱਚੋਂ ਆਪਣੀ ਰਸੀਦ / ਰੋਲ ਨੰਬਰ ਸਲਿੱਪ ਦਿਖਾ ਕੇ ਵਿਦਿਆਰਥੀ ਆਪਣਾ ਪਹਿਚਾਣ ਪੱਤਰ ਪ੍ਰਾਪਤ ਕਰ ਸਕਣਗੇ। ਇਸ ਉਪਰੰਤ ਉਸ ਉੱਤੇ ਆਪਣੀ ਫੋਟੋ ਲਗਾ ਕੇ ਟਿਊਟਰ ਰਾਂਹੀਂ ਪ੍ਰਿੰਸੀਪਲ ਸਾਹਿਬ ਤੋਂ ਹਸਤਾਖਰ ਕਰਵਾ ਕੇ ਇਸ ਨੂੰ ਪ੍ਰਮਾਣਿਕ ਬਣਾਉਣਾ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ।

ਵਿਦਿਆਰਥੀ ਆਪਣਾ ਪਹਿਚਾਣ ਪੱਤਰ ਕਿਸੇ ਨੂੰ ਨਹੀਂ ਦੇ ਸਕਦਾ। ਯੂਨੀਵਰਸਿਟੀ ਰੋਲ ਨੰਬਰ ਲੈਣ ਸਮੇਂ ਹਰ ਵਿਦਿਆਰਥੀ ਨੂੰ ਆਪਣਾ ਪਹਿਚਾਣ ਪੱਤਰ ਵਿਖਾਉਣਾ ਪਵੇਗਾ। ਵਿਖਾਉਣ ਵੇਲੇ ਇਹ ਵਿਦਿਆਰਥੀ ਦੀ ਫੋਟੋ ਅਤੇ ਟਿਊਟਰ ਦੇ ਦਸਤਖਤਾਂ ਸਮੇਤ ਪੂਰੀ ਤਰ੍ਹਾਂ ਮੁਕੰਮਲ ਹੋਣਾ ਚਾਹੀਦਾ ਹੈ।

ਵਿਦਿਆਰਥੀ ਦੇ ਪਹਿਚਾਣ ਪੱਤਰ ਵਿੱਚ ਕੱਦ ਅਤੇ ਕੋਈ ਵਿਸ਼ੇਸ਼ ਪਹਿਚਾਣਯੋਗ ਚਿੰਨ੍ਹ ਦਾ ਵੇਰਵਾ ਦਰਜ ਕੀਤਾ ਜਾਣਾ ਚਾਹੀਦਾ ਹੈ। ਪ੍ਰਾਸਪੈਕਟ ਵਿੱਚ ਨੱਥੀ ਪਹਿਚਾਣ-ਪੱਤਰ ਕਾਰਡ ਲੈ ਕੇ ਹਰ ਵਿਦਿਆਰਥੀ ਰੋਜ਼ਾਨਾ ਇਹ ਕਾਰਡ ਨਾਲ ਲੈ ਕੇ ਆਵੇਗਾ ਅਤੇ ਕਿਸੇ ਵੀ ਅਧਿਕਾਰੀ /ਕਰਮਚਾਰੀ ਵੱਲੋਂ ਮੰਗ ਕਰਨ ਤੇ ਵਿਖਾਉਣਾ ਲਾਜ਼ਮੀ ਹੋਵੇਗਾ।

# ਇਮਤਿਹਾਨ

1) ਯੂਨੀਵਰਸਿਟੀ ਵੱਲੋਂ ਬੀ.ਏ. ਭਾਗ I, II ਅਤੇ III ਦੇ ਸਮੈਸਟਰ ਪ੍ਰਣਾਲੀ ਦੇ ਕ੍ਰਮਵਾਰ ਪਹਿਲੇ, ਤੀਜੇ ਅਤੇ ਪੰਜਵੇਂ ਸਮੈਸਟਰ ਦੇ ਇਮਤਿਹਾਨ ਨਵੰਬਰ ਵਿੱਚ, ਦੂਜੇ, ਚੌਥੇ ਅਤੇ ਛੇਵੇਂ ਸਮੈਸਟਰ ਦੇ ਇਮਤਿਹਾਨ ਮਈ ਵਿੱਚ ਹੋਣਗੇ।
2) ਬੋਰਡ / ਯੂਨੀਵਰਸਿਟੀ ਨਿਯਮਾਂ ਅਨੁਸਾਰ ਸਾਲ ਵਿੱਚ ਦੋ ਵਾਰ ਮੱਧ ਸ਼ੈਸ਼ਨ ਪ੍ਰੀਖਿਆ ਹੋਵੇਗੀ, ਜਿਸ ਵਿੱਚ ਸਾਰੇ ਵਿਦਿਆਰਥੀਆਂ ਲਈ ਬੈਠਣਾ ਲਾਜ਼ਮੀ ਹੈ।
3) ਇਮਤਿਹਾਨਾਂ ਵਿੱਚ ਨਕਲ ਜਾਂ ਦੁਰਵਿਵਹਾਰ ਕਰਨ ਵਾਲੇ ਵਿਦਿਆਰਥੀ ਖਿਲਾਫ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।
4) ਜੇ ਕੋਈ ਵਿਦਿਆਰਥੀ ਪ੍ਰੀਖਿਆ ਦੌਰਾਨ ਕਾਲਜ ਵੱਲੋਂ ਕਿਸੇ ਗਤੀਵਿਧੀ ਅਧੀਨ ਬਾਹਰ ਜਾਂਦਾ ਹੈ ਅਤੇ ਉਹ ਪ੍ਰਿੰਸੀਪਲ ਵੱਲੋਂ ਅਗਾਊਂ ਇਜਾਜ਼ਤ ਦੀ ਸੂਚਨਾ ਰਜਿਸਟਰਾਰ ਨੂੰ ਦੇ ਦੇਵੇ, ਤਾਂ ਹੀ ਉਸ ਨੂੰ ਸਾਲਾਨਾ ਪ੍ਰੀਖਿਆ ਵਿੱਚ ਬੈਠਣ ਦਾ ਮੌਕਾ ਦਿੱਤਾ ਜਾਵੇਗਾ।
5) ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਸਿਰਫ ਉਹੀ ਵਿਦਿਆਰਥੀ ਇਨਾਮ ਲੈਣ ਦੇ ਹੱਕਦਾਰ ਹੋਣਗੇ, ਜਿਹੜੇ ਆਪਣੇ ਵਿਸ਼ੇ ਵਿੱਚੋਂ ਪਹਿਲੀ ਅਤੇ ਦੂਸਰੀ ਪੁਜ਼ੀਸ਼ਨ ਪ੍ਰਾਪਤ ਕਰਨਗੇ ਅਤੇ ਬਾਕੀ ਸਾਰੇ ਵਿਸ਼ਿਆਂ ਵਿੱਚੋਂ ਪਾਸ ਹੋਣ ਦੀ ਸ਼ਰਤ ਪੂਰੀ ਕਰਦੇ ਹੋਣਗੇ।

# ਸਮੈਸਟਰ ਪ੍ਰੀਖਿਆ ਸਬੰਧੀ ਸ਼ਰਤਾਂ

- ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਪ੍ਰਾਪਤ ਕੀਤੀਆਂ ਹੋਣ।
- ਹਰ ਵਿਦਿਆਰਥੀ ਲਈ ਆਪਣੇ-ਆਪਣੇ ਵਿਸ਼ਿਆਂ ਦਾ ਅੰਦਰੂਨੀ ਮੁਲਾਂਕਣ (20%) ਵਿੱਚੋਂ ਪਾਸ ਹੋਣਾ ਜ਼ਰੂਰੀ ਹੈ।
- ਵਿਦਿਆਰਥੀ ਦਾ ਚਾਲ-ਚੱਲਣ ਠੀਕ ਹੋਵੇ ਅਤੇ ਅਨੁਸਾਸ਼ਨਹੀਣਤਾ ਦੀ ਕੋਈ ਸ਼ਿਕਾਇਤ ਨਾ ਹੋਵੇ।
- ਕਾਲਜ ਦੇ ਸਾਰੇ ਵਿਭਾਗਾਂ ਵੱਲੋਂ ਹਿਸਾਬ-ਚੁਕਤਾ ਸਰਟੀਫਿਕੇਟ ਪ੍ਰਾਪਤ ਕਰਕੇ ਦਫਤਰ ਵਿੱਚ ਦਿੱਤਾ ਹੋਵੇ।
- ਮਾਤਾ-ਪਿਤਾ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ, ਵਿਵਹਾਰ ਅਤੇ ਕਲਾਸ ਟੈਸਟਾਂ ਸਬੰਧੀ ਕਾਲਜ ਤੋਂ ਜਾਣਕਾਰੀ ਹਾਸਲ ਕਰਦੇ ਰਹਿਣ।
- ਇੱਕ ਪੀਰੀਅਡ ਦੀ ਗੈਰ-ਹਾਜ਼ਰੀ ਜਾਂ ਪੂਰੇ ਦਿਨ ਦੀ ਗੈਰ ਹਾਜ਼ਰੀ ਦਾ ਨਿਯਮਾਂ ਅਨੁਸਾਰ ਜੁਰਮਾਨਾ ਹੋਵੇਗਾ।

## ਹਾਜ਼ਰੀਆਂ/ਛੁੱਟੀ/ਪੁਨਰ ਦਾਖਲਾ/ਕਾਲਜ ਛੱਡਣਾ/ਆਚਰਨ ਅਤੇ ਨਤੀਜਾ ਕਾਰਡ

1) ਲੈਕਚਰਾਰ ਵੱਲੋਂ ਲਗਾਈਆਂ ਗਈਆਂ ਕੁੱਲ ਹਾਜ਼ਰੀਆਂ ਵਿੱਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਲਈ 75 ਪ੍ਰਤੀਸ਼ਤ ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ। ਇਹ ਸ਼ਰਤ ਪੂਰੀ ਨਾ ਕਰ ਸਕਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਨਹੀਂ ਬੈਠ ਸਕਣਗੇ। ਯੂਨੀਵਰਸਿਟੀ ਨਿਯਮਾਂ ਵਿੱਚ ਦਰਸਾਈਆਂ ਹਾਲਤਾਂ/ਸੀਮਾਵਾਂ ਤੋਂ ਇਲਾਵਾ ਕਿਸੇ ਵੀ ਅਧਾਰ ਤੇ ਛੋਟ ਨਹੀਂ ਦਿੱਤੀ ਜਾ ਸਕਦੀ।
2) ਵਿਦਿਆਰਥੀ ਹਰ ਮਹੀਨੇ ਆਪਣੇ ਸਬੰਧਿਤ ਲੈਕਚਰਾਰ ਕੋਲੋਂ ਆਪਣੀਆਂ ਹਾਜ਼ਰੀਆਂ ਬਾਰੇ ਪਤਾ ਕਰਦੇ ਰਹਿਣ।
3) ਵਿਦਿਆਰਥੀਆਂ ਦੇ ਮਾਂ-ਬਾਪ/ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਬਾਰੇ, ਉਨ੍ਹਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਨ੍ਹਾਂ ਦੇ ਮਹੀਨਾ ਵਾਰ ਕਲਾਸ ਟੈਸਟਾਂ ਅਤੇ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਆਪ ਸਮੇਂ-ਸਮੇਂ ਪਤਾ ਕਰਦੇ ਰਹਿਣ।
4) ਇੱਕ ਪੀਰੀਅਡ ਦੀ ਗੈਰ ਹਾਜ਼ਰੀ ਜਾਂ ਪੂਰੇ ਦਿਨ ਦੀ ਗੈਰ ਹਾਜ਼ਰੀ ਲਈ 50 ਪੈਸੇ ਜੁਰਮਾਨਾ ਲੱਗੇਗਾ।
5) ਪ੍ਰਿੰਸੀਪਲ ਦੀ ਆਗਿਆ ਨਾਲ ਅੰਤਰ-ਯੂਨੀਵਰਸਿਟੀ / ਅੰਤਰ ਕਾਲਜ ਅਤੇ ਜ਼ੋਨਲ ਫੈਸਟੀਵਲ ਵਿੱਚ ਭਾਗ ਲੈਣ ਕਾਰਨ ਡੀਨ, ਸੱਭਿਆਚਾਰਕ, ਐਨ.ਐਸ.ਐਸ., ਐਨ.ਸੀ.ਸੀ. ਜਾਂ ਕੋਈ ਹੋਰ ਸਬੰਧਿਤ ਇੰਚਾਰਜ ਰਿਕਾਰਡ ਰੱਖਣਗੇ।
6) ਪ੍ਰਿੰਸੀਪਲ ਸਾਹਿਬ ਰਾਂਹੀਂ ਪ੍ਰਵਾਨਿਤ ਯੂਨੀਵਰਸਿਟੀ ਵਿੱਦਿਅਕ ਕੈਂਪ ਵਿੱਚ ਭਾਗ ਲੈਣ ਕਾਰਨ/ ਸੈਮੀਨਾਰ ਤੇ ਹਾਜ਼ਰ ਹੋਣ ਕਾਰਨ ਵਿਦਿਆਰਥੀਆਂ ਨੂੰ ਦਿੱਤੀ ਲੈਕਚਰਾਂ/ਪ੍ਰੈਕਟੀਕਲ ਆਦਿ ਦੀ ਰਿਆਇਤ ਨਿਯਮਾਂ ਅਨੁਸਾਰ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦਿਨਾਂ ਵਿੱਚ ਉਸਦੀ ਹਾਜ਼ਰੀ ਨਾ ਲੱਗੀ ਹੋਵੇ। ਇਹ ਰਿਆਇਤ ਪਹਿਲਾਂ ਜਾਂ ਤੁਰੰਤ ਪਿੱਛੋਂ ਆਪਣੇ ਇੰਚਾਰਜ / ਲੈਕਚਰਾਰ ਰਾਂਹੀਂ ਸੂਚਨਾ, ਦਫਤਰ ਅਤੇ ਪ੍ਰੀਖਿਆ ਬਾਰੇ ਰਿਕਾਰਡ ਰੱਖਣ ਵਾਸਤੇ ਸਬੰਧਿਤ ਇੰਚਾਰਜ ਨੂੰ ਆਪਣੀ ਈਵੈਂਟ ਬਾਰੇ ਲਿਖ ਕੇ ਦੇਣਗੇ, ਨਹੀਂ ਤਾਂ ਰਿਆਇਤ ਨਹੀਂ ਦਿੱਤੀ ਜਾਵੇਗੀ।
7) ਇਹ ਰਿਆਇਤ ਮੈਡੀਕਲ ਅਧਾਰ ਤੇ ਨਹੀਂ ਦਿੱਤੀ ਜਾਵੇਗੀ।

# ਦਾਖਲਾ ਕਮੇਟੀਆਂ 2022-23

**ਓਵਰਆਲ ਐਡਮਿਸ਼ਨ ਇੰਚਾਰਜ : ਵਾਈਸ ਪ੍ਰਿੰਸੀਪਲ ਡਾ. ਜਸਪਾਲ ਸਿੰਘ, 94633-74012**

| ਲੜੀ ਨੰਬਰ | ਕਲਾਸ | ਬਿਨਾਂ ਲੇਟ ਫੀਸ ਦਾਖਲਾ ਮਿਤੀਆਂ | ਸਬੰਧਿਤ ਕਲਰਕ ਜਿਸ ਨੂੰ ਦਾਖਲਾ ਫਾਰਮ ਜਮ੍ਹਾਂ ਕਰਵਾਉਣੇ ਹਨ। | ਇੰਟਰਵਿਊ ਅਤੇ ਫੀਸ ਭਰਨ ਦੀਆਂ ਮਿਤੀਆਂ | ਇੰਟਰਵਿਊ ਦਾਖਲਾ ਕਮੇਟੀ |
|---|---|---|---|---|---|
| 1. | ਬੀ.ਏ. | ਯੂਨੀਵਰਸਿਟੀ ਵੱਲੋਂ ਨੋਟੀਫਿਕੇਸ਼ਨ ਭੇਜੀ ਜਾਵੇਗੀ | ਸ੍ਰੀਮਤੀ ਮਨਪ੍ਰੀਤ ਕੌਰ (ਦਫਤਰ ਵਿੱਚ) | ਯੂਨੀਵਰਸਿਟੀ ਵੱਲੋਂ ਨੋਟੀਫਿਕੇਸ਼ਨ ਭੇਜੀ ਜਾਵੇਗੀ | 1. ਡਾ. ਜਸਪ੍ਰੀਤ ਸਿੰਘ (98555-21535)<br>2. ਪ੍ਰੋ. ਮਨਜੋਤ ਮਾਨ (78378-55751) |
| 2. | ਬੀ.ਏ. ਭਾਗ ਦੂਜਾ | ਬੀ.ਏ.-I ਦਾ ਨਤੀਜਾ ਆਉਣ ਤੋਂ 20 ਦਿਨਾਂ ਵਿੱਚ | ਸ੍ਰੀਮਤੀ ਮਨਪ੍ਰੀਤ ਕੌਰ (ਦਫਤਰ ਵਿੱਚ) | ਯੂਨੀਵਰਸਿਟੀ ਵੱਲੋਂ ਨੋਟੀਫਿਕੇਸ਼ਨ ਭੇਜੀ ਜਾਵੇਗੀ | 1.ਪ੍ਰੋ. ਕੁਲਵਿੰਦਰ ਕੌਰ (98724-50845)<br>2. ਪ੍ਰੋ. ਵੀਰਪਾਲ ਕੌਰ (79868-28121) |
| 3. | ਬੀ.ਏ. ਭਾਗ ਤੀਜਾ | ਬੀ.ਏ.-II ਦਾ ਨਤੀਜਾ ਆਉਣ ਤੋਂ 20 ਦਿਨਾਂ ਵਿੱਚ | ਸ੍ਰੀਮਤੀ ਮਨਪ੍ਰੀਤ ਕੌਰ (ਦਫਤਰ ਵਿੱਚ) | ਯੂਨੀਵਰਸਿਟੀ ਵੱਲੋਂ ਨੋਟੀਫਿਕੇਸ਼ਨ ਭੇਜੀ ਜਾਵੇਗੀ | 1.ਪ੍ਰੋ. ਵੀਰਪਾਲ ਕੌਰ (79868-28121)<br>2. ਪ੍ਰੋ. ਕੁਲਵਿੰਦਰ ਕੌਰ (98724-50845) |
| 4. | ਸਰਟੀਫਿਕੇਟ ਕੋਰਸ | **Craetive Writing & Content Development** | ਸ੍ਰੀਮਤੀ ਮਨਪ੍ਰੀਤ ਕੌਰ (ਦਫਤਰ ਵਿੱਚ) | | 1. ਡਾ. ਜਸਪਾਲ ਸਿੰਘ (94633-74012)<br>2. ਪ੍ਰੋ. ਵੀਰਪਾਲ ਕੌਰ (79868-28121) |

# ਕਾਲਜ ਕੈਲੰਡਰ ਸ਼ੈਸ਼ਨ 2022-23 ਲਈ

1) ਕਾਲਜ ਵਿੱਚ ਦਾਖਲਾ ....................................................................... ਅਗਸਤ 2022

2) ਪੀ.ਟੀ.ਏ. ਜਨਰਲ ਮੀਟਿੰਗ ....................................................... ਅਗਸਤ ਮਹੀਨੇ ਵਿੱਚ

3) ਪੀ.ਟੀ.ਏ. ਕਮੇਟੀ ਮੀਟਿੰਗ ............................................... ਹਰ ਮਹੀਨੇ ਦੇ ਆਖਰੀ ਸ਼ਨੀਵਾਰ

4) ਪ੍ਰਤਿਭਾ ਖੋਜ਼ ਮੁਕਾਬਲੇ ...........................................................................ਸੰਤਬਰ 2022

5) ਸੈਮੀਨਾਰ / ਭਾਸ਼ਣ / ਕੁਇਜ਼ .................................................... ਅਕਤੂਬਰ, ਦਸੰਬਰ 2022

6) ਵਣ ਮਹਾਂਉਤਸਵ ..............................................................................20-08-2022

7) ਘਰੇਲੂ ਇਮਤਿਹਾਨ .............................. ਪਹਿਲੇ, ਤੀਜੇ ਅਤੇ ਪੰਜਵੇਂ ਸਮੈਸਟਰ ਅਕਤੂਬਰ 2022

.................................................................ਦੂਜੇ, ਚੌਥੇ ਅਤੇ ਛੇਵਾਂ ਸਮੈਸਟਰ ਮਾਰਚ 2023

8) ਸਰਦੀਆਂ ਦੀਆਂ ਛੁੱਟੀਆਂ ............ਪੰਜਾਬੀ ਯੂਨੀਵਰਸਿਟੀ, ਪਟਿਆਲਾ,ਵੱਲੋਂ ਐਲਾਣੀਆਂ ਜਾਣਗੀਆਂ

9) ਵਿੱਦਿਅਕ ਟੂਰ ............................................................... ਸਰਦੀਆਂ ਦੀਆਂ ਛੁੱਟੀਆਂ ਵਿੱਚ

10) ਅੰਤਰ ਕਾਲਜ ਪ੍ਰਤਿਯੋਗਤਾਵਾਂ ......................................................... ਜਨਵਰੀ ਮਹੀਨੇ ਵਿੱਚ

11) ਸਾਲਾਨਾ ਐਥਲੈਟਿਕ ਮੀਟ .................................................................. ਮਾਰਚ 2023

12) ਸਲਾਨਾ ਇਨਾਮ ਵੰਡ ਸਮਾਰੋਹ ............................................................. ਮਾਰਚ 2023

13) ਯੂਨੀਵਰਸਿਟੀ ਇਮਤਿਹਾਨ ...................ਪਹਿਲੇ, ਤੀਜੇ ਅਤੇ ਪੰਜਵਾਂ ਸਮੈਸਟਰ ਨਵੰਬਰ 2022

.................................................................ਦੂਜੇ, ਚੌਥੇ ਅਤੇ ਛੇਵਾਂ ਸਮੈਸਟਰ ਮਈ 2023

# ਫੀਸਾਂ ਅਤੇ ਖਰਚਿਆਂ ਸਬੰਧੀ ਜਾਣਕਾਰੀ

ਦਾਖਲੇ ਸਮੇਂ ਵਿਦਿਆਰਥੀਆਂ ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ ਅਤੇ ਫੰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

## 1. ਬੀ. ਏ ਕੋਰਸ ਲਈ–

**ਕਾਲਜ ਫੀਸ/ਫੰਡ**

| ਲੜੀ ਨੰ. | ਫੀਸ / ਫੰਡ ਦਾ ਨਾਂ | ਬੀ.ਏ.– I.II.III |
|---|---|---|
| 1. | ਦਾਖਲਾ ਫੀਸ | 10 |
| 2. | ਟਿਊਸ਼ਨ ਫੀਸ | 144 |
| 3. | ਅਮਲਗਾਮੇਟਿਡ ਫੀਸ | 144 |
| 4. | ਬਿਲਡਿੰਗ ਫੀਸ | 15 |
| 5. | ਉਚੇਰੀ ਸਿੱਖਿਆ ਵਿਕਾਸ ਫੀਸ | 15 |
| 6. | ਸ਼ਨਾਖਤੀ ਕਾਰਡ | 15 |
| 7. | ਪੰਜਾਬ ਸਟੇਟ ਫਿਜ਼ੀ. ਐਜੂ. ਫੀਸ | 75 |
| 8. | ਵਿਦਿਆਰਥੀ ਸਹਾਇਤਾ ਫੀਸ | 6 |
| 9. | ਕੰਪਿਊਟਰ ਫੀਸ | 480 |
| 10. | ਜਰਨੇਟਰ ਤੇ ਪਾਣੀ ਫੀਸ | 100 |
| 11. | ਪ੍ਰੈਕਟੀਕਲ ਫੀਸ (ਪ੍ਰਤੀ ਵਿਸ਼ਾ) | 120 |
| 12. | ਰੈੱਡ ਕਰਾਸ ਫੀਸ | 24 |
| 13. | ਆਤਮ ਨਿਰਭਰਤਾ ਫੀਸ | 10 |
| 14. | ਪੀ.ਟੀ.ਏ. ਫੰਡ | 2000 |
| 15. | ਲਾਇਬ੍ਰੇਰੀ ਵਿਕਾਸ ਫੰਡ | 50 |
| 16. | ਲਾਇਬ੍ਰੇਰੀ ਸਕਿਉਰਟੀ ਫੰਡ | 50 |
| 17 | ਮੈਗਜ਼ੀਨ ਫੰਡ | 15 |
| 18. | ਘਰੇਲੂ ਪ੍ਰੀਖਿਆ ਫੰਡ | 100 |
| 19. | ਟੁੱਟ-ਭੱਜ ਫੰਡ | 60 |
| 20. | ਸਿਹਤ ਫੰਡ | 10 |

**ਯੂਨੀਵਰਸਿਟੀ ਫੀਸ/ਫੰਡ**

| ਲੜੀ ਨੰ. | ਫੀਸ / ਫੰਡ ਦਾ ਨਾਂ | ਬੀ.ਏ.– I | ਬੀ.ਏ.– II.III |
|---|---|---|---|
| 1. | ਰਜਿਸਟ੍ਰੇਸ਼ਨ ਫੀਸ | 880 | ..... |
| 2. | ਨਿਰੰਤਰਤਾ ਫੀਸ (ਪਹਿਲਾਂ ਰਜਿਸਟਰਡ ਵਿਦਿਆਰਥੀ) | ..... | 330 |
| 3. | ਪੰਜਾਬ ਸਟੇਟ ਸਪੋਰਟਸ ਕੌਂਸਲ ਫੀਸ | 30 | 30 |
| 4. | ਸਪੋਰਟਸ ਫੀਸ | 550 | 550 |
| 5. | ਕਾਲਜ ਡਿਵੈਲਪਮੈਂਟ ਫੰਡ | 140 | 140 |
| 6. | ਯੁਵਕ ਭਲਾਈ ਫੀਸ | 110 | 110 |
| 7. | ਇਨਫਰਾਸਟਰਕਚਰ ਫੰਡ | 110 | 110 |
| 8. | ਐਨ.ਐਸ.ਐਸ. ਫੀਸ | 90 | 90 |
| 9. | ਵੈਰੀਫਿਕੇਸ਼ਨ ਫੀਸ | 880 | ..... |
| 10. | ਮਾਈਗ੍ਰੇਸ਼ਨ ਫੀਸ | 170 | ..... |
| 11. | ਬਲਾਕ ਐਂਟਰੀ | 60 | 60 |
| 12. | ਪੰਜਾਬੀ ਭਾਸ਼ਾ ਵਿਕਾਸ ਫੰਡ | 90 | 90 |
| 13. | ਸਪੋਰਟਸ ਹੋਸਟਲ ਫੀਸ | 220 | 220 |
| 14. | ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ | 220 | 220 |
| 15. | ਸਪੋਰਟਸ ਵਿੰਗ ਫੀਸ | 110 | 110 |
| 16. | ਪ੍ਰੀਖਿਆ ਫਾਰਮ ਫੀਸ | 240 | 240 |
| 17. | ਇਮਤਿਹਾਨ ਫੀਸ | 3200 | 3200 |
| 18. | ਪ੍ਰੈਕਟੀਕਲ ਇਮਤਿਹਾਨ ਫੀਸ | 1220 | 1220 |
| 19. | ਯੂਨੀ ਐਂਟਰੀ ਫੀਸ (ਕੇਵਲ ਐਸ.ਸੀ. ਕੈਟਾਗਿਰੀ) | 110 | ..... |
| 20. | ਯੂਨੀ ਐਂਟਰੀ ਫੀਸ (ਬਾਕੀ ਕੈਟਾਗਿਰੀ) | 170 | ..... |

## Baba Siri Chand Ji Govt. College Sardargarh (Bathinda).

*B.A. 1st Year Fee Structure (Without Late Fees Session **2022-23**)* *25-05-2022*

| Sr. No. | With Practical Subject | Fee for Gen./OBC Boy | Fee For Gen./OBC Girl |
|---|---|---|---|
| 1 | With One Practical Subject (Phy.Edu./Geography) | Rs.11283/- | 11139/- |
| 2 | With Two Practical Subjects (Phy.Edu. & Geography) | Rs.11403/- | Rs.11259/- |
| 3 | With One Practical Subject (Computer Science) | Rs.11643/- | Rs.11499/- |
| 4 | With Two Practical Subjects (Phy.Edu./Computer Sci.) | Rs.11763/- | Rs.11619/- |
| 5 | With No Practical Subject | Rs.9943/- | Rs.9799/- |

**1. <u>Fee For Sc Students</u>-Rs.2400/- (**ਐਸ.ਸੀ. ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਲਈ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਸਕਾਲਰਸ਼ਿਪ ਅਪਲਾਈ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੋਂ ਉੱਪਰ ਦਰਸਾਏ ਅਨੁਸਾਰ ਪੂਰੀ ਫੀਸ ਲਈ ਜਾਵੇਗੀ।)*)**

2. PSEB ਬੋਰਡ ਤੋਂ ਬਿਨਾਂ ਹੋਰ ਕਿਸੇ ਵੀ ਹੋਰ ਬੋਰਡ ਤੋਂ 10+2 ਪਾਸ ਵਿਦਿਆਰਥੀਆਂ ਤੋਂ ਉੱਪਰ ਦਰਸਾਈ ਫੀਸ ਦੇ ਨਾਲ-ਨਾਲ 170/- ਰੁਪਏ ਮਾਈਗਰੇਸ਼ਨ ਫੀਸ ਹੋਰ ਲਈ ਜਾਵੇਗੀ।

3. ਜਿਸ SC ਵਿਦਿਆਰਥੀ ਦੇ ਮਾਤਾ-ਪਿਤਾ ਦੀ ਆਮਦਨ 2,50,000/-ਰੁਪਏ (ਢਾਈ ਲੱਖ ਰੁਪਏ) ਤੋਂ ਜ਼ਿਆਦਾ ਹੈ ਜਾਂ ਉਸਦੇ ਮਾਤਾ/ਪਿਤਾ ਸਰਕਾਰੀ ਨੌਕਰੀ ਕਰਦੇ ਹਨ, ਉਸ ਵਿਦਿਆਰਥੀ ਤੋਂ ਉੱਪਰ ਦਰਸਾਏ ਗਏ ਟੇਬਲ ਅਨੁਸਾਰ ਪੂਰੀ ਫੀਸ ਲਈ ਜਾਵੇਗੀ ਅਤੇ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਪੂਰੀ ਫੀਸ ਵਿੱਚੋਂ ਸਿਰਫ 60/-ਰੁਪਏ ਦੀ ਛੋਟ ਦਿੱਤੀ ਜਾਵੇਗੀ।

4. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਖੇ ਸਮੇਂ ਸਿਰ ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ। ਲੇਟ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਤੋਂ ਬਣਦੀ ਫੀਸ ਦੇ ਨਾਲ-ਨਾਲ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੀ ਲੇਟ ਫੀਸ ਦੀ ਲਈ ਜਾਵੇਗੀ।

5. ਕਾਲਜ ਵੱਲੋਂ ਫੀਸ ਸਿਰਫ ਇੱਕ ਕਿਸ਼ਤ ਵਿੱਚ ਹੀ ਲਈ ਜਾਵੇਗੀ।

**Fee Detail of Sc Students-**

| | |
|---|---|
| PTA Fund | 2000/- |
| Uni. Exam. Form | 240/- |
| Uni. Online Registration | 110/- |
| Library Security | 50/- |
| ***Total*** | ***2400/-*** |

- ਜੇਕਰ ਉਪਰੋਕਤ ਫੀਸਾਂ, ਫੰਡਾਂ ਵਿੱਚ ਸਰਕਾਰ ਜਾਂ ਯੂਨੀਵਰਸਿਟੀ ਵੱਲੋਂ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਸ ਕੀਤੀ ਜਾਵੇਗੀ।
- ਇੱਕ ਵਾਰ ਭਰੀ ਫੀਸ ਤੇ ਫੰਡ ਵਾਪਿਸ ਨਹੀਂ ਕੀਤੇ ਜਾਣਗੇ।
- ਸਮੈਸਟਰ ਪ੍ਰਣਾਲੀ ਵਾਲੀ ਸ਼੍ਰੇਣੀ ਦੇ ਪਹਿਲੇ ਸਮੈਸਟਰ ਦੀ ਪ੍ਰੀਖਿਆ ਫੀਸ ਦਾਖਲੇ ਨਾਲ ਲਈ ਜਾਵੇਗੀ ਅਤੇ ਦੂਜੇ ਸਮੈਸਟਰ ਦੀ ਪ੍ਰੀਖਿਆ ਫੀਸ ਬਾਅਦ ਵਿੱਚ ਲਈ ਜਾਵੇਗੀ।
- ਜੇਕਰ ਫੰਡ, ਫੀਸ ਤੇ ਜੁਰਮਾਨੇ ਸਮੇਂ ਸਿਰ ਨਾ ਭਰੇ ਜਾਣ ਤਾਂ ਕਾਲਜ ਰੋਲਜ਼ ਤੋਂ ਨਾਂ ਕੱਟ ਦਿੱਤਾ ਜਾਵੇਗਾ।
- ਸਾਰੀਆਂ ਜਮਾਤਾਂ ਦੀ ਸਕਿਊਰਟੀ ਜੇਕਰ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ-ਅੰਦਰ ਵਿਦਿਆਰਥੀ ਵੱਲੋਂ ਨਾ ਕਢਵਾਈ ਗਈ ਤਾਂ ਜ਼ਬਤ ਹੋ ਜਾਵੇਗੀ।
- ਫੀਸਾਂ ਕੇਵਲ ਸਬੰਧਿਤ ਕਰਮਚਾਰੀ ਕੋਲ ਹੀ ਜਮ੍ਹਾਂ ਕਰਵਾਈਆਂ ਜਾਣ ਅਤੇ ਰਸੀਦ ਪ੍ਰਾਪਤ ਕੀਤੀ ਜਾਵੇ। ਲਾਪਰਵਾਹੀ ਦੀ ਸੂਰਤ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
- ਪ੍ਰਾਰਥੀ ਆਪਣਾ ਦਾਖਲਾ ਫਾਰਮ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨਗੇ। ਫਾਰਮ ਗੁੰਮ ਹੋਣ ਤੇ ਰਸੀਦ ਤੋਂ ਬਿਨਾਂ (ਫਾਰਮ ਬਾਰੇ) ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
- ਦੂਜੇ ਕਾਲਜ ਦੇ ਫੇਲ੍ਹ ਜਾਂ ਰੀ-ਅਪੀਅਰ ਵਿਦਿਆਰਥੀਆਂ ਨੂੰ ਇਸ ਕਾਲਜ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
- ਇੰਟਰਵਿਊ ਕਮੇਟੀ ਦੀ ਸ਼ਿਫਾਰਿਸ਼ ਤੋਂ ਬਾਅਦ ਦਾਖਲੇ ਲਈ ਫੀਸ ਤੁਰੰਤ ਜਮ੍ਹਾਂ ਕਰਵਾਉਣੀ ਹੋਵੇਗੀ।
- 10+2 ਰੀ-ਅਪੀਅਰ ਵਿਦਿਆਰਥੀਆਂ ਨੂੰ ਇਸ ਕਾਲਜ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
- ਐਂਟੀ ਰੈਗਿੰਗ ਸਬੰਧੀ ਫਾਰਮ ਯੂ.ਜੀ.ਸੀ. ਦੀ ਵੈੱਬਸਾਈਟ ਤੇ ਫਾਰਮ ਭਰ ਕੇ ਜਮ੍ਹਾਂ ਕਰਵਾਉਣ ਇਹ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

**ਨੋਟ** : ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2,50,000/- ਰੁਪਏ ਤੋਂ ਘੱਟ ਹੈ, ਨੂੰ ਚਾਹੀਦਾ ਹੈ ਕਿ ਉਹ ਆਪਣਾ ਜਾਤੀ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਬੈਂਕ ਖਾਤਾ ਸਮੇਤ ਆਈ.ਐਫ.ਐਸ.ਸੀ. ਕੋਡ ਅਤੇ ਅਧਾਰ ਕਾਰਡ ਫੀਸ ਭਰਨ ਤੋਂ ਪਹਿਲਾਂ ਜਮ੍ਹਾਂ ਕਰਵਾਉਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪੂਰੀ ਫੀਸ ਵਸੂਲੀ ਜਾਵੇਗੀ ਅਤੇ ਸ਼ੋਸ਼ਲ ਵੈੱਲਫੇਅਰ ਵਿਭਾਗ ਤੋਂ ਇਹ ਰਾਸ਼ੀ ਮਿਲਣ ਉਪਰੰਤ ਹੀ ਵਾਪਸ ਕੀਤੀ ਜਾਵੇਗੀ। ਵਜ਼ੀਫੇ ਦੀ ਸਹੂਲਤ ਲਈ ਪਿਤਾ ਦੀ ਆਮਦਨ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ (ਐਸ.ਡੀ.ਐਮ. ਜਾਂ ਤਹਿਸੀਲਦਾਰ) ਤੋਂ ਬਣਿਆ ਹੋਣਾ ਚਾਹੀਦਾ ਹੈ। ਇਸ ਦੇ ਨਾਲ ਮਾਤਾ-ਪਿਤਾ ਦਾ ਅਧਾਰ ਕਾਰਡ ਵੀ ਨਾਲ ਨੱਥੀ ਕੀਤਾ ਜਾਵੇ।

# ਯੂਨੀਵਰਸਿਟੀ ਵੱਲੋਂ ਦਾਖਲੇ ਦੀਆਂ ਮਿਤੀਆਂ

**(ਕੇਵਲ ਬੀ.ਏ. ਭਾਗ ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਲਈ)**

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਐਲਾਨੀਆਂ ਜਾਣਗੀਆਂ।

# ਕਾਲਜ ਨਿਯਮਾਂਵਲੀ

1) ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਿਦਿਆਰਥੀਆਂ ਨੂੰ ਸਾਦੇ ਅਤੇ ਸਾਧਾਰਨ ਕੱਪੜੇ ਪਹਿਨ ਕੇ ਆਉਣਾ ਚਾਹੀਦਾ ਹੈ। ਉਂਝ ਵੀ ਸਾਦਾ ਲਿਬਾਸ ਸਿਆਣਪ ਅਤੇ ਗੰਭੀਰਤਾ ਦਾ ਪ੍ਰਤੀਕ ਹੁੰਦਾ ਹੈ।

2) ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਕਾਲਜ ਵਿੱਚ ਕਿਸੇ ਪ੍ਰਕਾਰ ਦੀ ਮੀਟਿੰਗ/ ਸਮਾਗਮ ਕਰਨ ਦੀ ਮਨਾਹੀ ਹੈ। ਕਿਸੇ ਪ੍ਰਕਾਰ ਦੀ ਭੜਕਾਹਟ ਪੈਦਾ ਕਰਨ ਵਾਲੀ ਤਕਰੀਰ/ ਹਰਕਤ/ ਸਰਗਰਮੀ ਪੂਰੀ ਤਰ੍ਹਾਂ ਵਰਜ਼ਿਤ ਹੈ।

3) ਵਿਦਿਆਰਥੀਆਂ ਨੂ ਹਰ ਕਿਸਮ ਦੀ ਜਾਣਕਾਰੀ ਕੇਵਲ ਨੋਟਿਸ ਬੋਰਡ ਉੱਪਰ ਹੀ ਦਿੱਤੀ ਜਾਵੇਗੀ। ਇਸ ਨੂੰ ਨਾ ਪੜ੍ਹਨ ਦੀ ਸੂਰਤ ਵਿੱਚ ਸੂਚਨਾ ਤੋਂ ਵਾਂਝੇਂ ਰਹਿਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ਅਤੇ ਇਸ ਕਿਸਮ ਦੇ ਨੁਕਸਾਨ ਲਈ ਕਾਲਜ ਪ੍ਰਸਾਸ਼ਨ ਜਵਾਬਦੇਹ ਨਹੀਂ ਹੋਵੇਗਾ।

4) ਕਾਲਜ ਕੈਂਪਸ ਵਿੱਚ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰਨਾ ਜਾਂ ਮਾਰੂ ਹਥਿਆਰ ਲੈ ਕੇ ਆਉਣ ਦੀ ਸਖਤ ਮਨਾਹੀ ਹੈ।

5) ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਮ੍ਹੇਂ-ਸਮ੍ਹੇਂ ਤੇ ਪ੍ਰਿੰਸਪਲ ਅਤੇ ਵਿਦਿਆਰਥੀਆਂ ਦੇ ਟਿਊਟਰਾਂ/Mentor ਨੂੰ ਮਿਲ ਕੇ ਆਪਣੇ ਬੱਚੇ ਦੇ ਵਿਵਹਾਰ, ਵਿਚਾਰ, ਤਰੱਕੀ ਤੇ ਭਲਾਈ ਸਬੰਧੀ ਜਾਣਕਾਰੀ ਲੈਂਦੇ ਰਹਿਣ।

6) ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਬੰਧੀਆਂ ਆਦਿ ਨੂੰ ਆਪਣੇ ਘਰ ਹੀ ਮਿਲਣ। ਕਾਲਜ ਵਿੱਚ ਉਨ੍ਹਾਂ ਦੇ ਸਬੰਧੀ ਕੇਵਲ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਹੀ ਮਿਲ ਸਕਦੇ ਹਨ।

7) ਕਾਲਜ ਵਿੱਚ ਬੈਂਚ, ਫਰਨੀਚਰ, ਬਾਥਰੂਮ, ਫਿਟਿੰਗਜ਼, ਪੌਦੇ ਅਤੇ ਫੁੱਲਾਂ ਨੂੰ ਨੁਕਸਾਨ ਕਰਨ ਵਾਲੇ ਵਿਦਿਆਰਥੀ ਸਜ਼ਾ ਦੇ ਭਾਗੀਦਾਰ ਹੋਣਗੇ।

8) ਕਾਲਜ ਦੇ ਪੋਰਚ ਵਿੱਚ ਖੜ੍ਹੇ ਹੋਣਾ, ਵਰਾਂਡਿਆਂ ਵਿੱਚ ਵਿਹਲੇ ਘੁੰਮਣਾ, ਮੋਬਾਇਲ ਤੇ ਗੀਤ ਸੁਣਨਾ, ਸਟਾਫ ਲਈ ਰਾਖਵੇਂ ਬਾਥਰੂਮਾਂ ਦਾ ਪ੍ਰਯੋਗ ਕਰਨਾ ਵਿਦਿਆਰਥੀਆਂ ਲਈ ਵਰਜ਼ਿਤ ਹੈ।

9) ਪੁਰਸ਼ ਵਿਦਿਆਰਥੀਆਂ ਲਈ ਲੜਕੀਆਂ ਦੇ ਕਾਮਨ ਰੂਮ ਜਾਂ ਬਾਥਰੂਮ ਵਿੱਚ ਜਾਣਾ ਸਖਤ ਮਨ੍ਹਾਂ ਹੈ।

10) ਮਰਿਆਦਾ ਭੰਗ ਕਰਨ ਵਾਲੇ ਜਾਂ ਅਯੋਗ ਵਰਤਾਓ ਕਰਨ ਵਾਲੇ ਵਿਦਿਆਰਥੀਆਂ ਨੂੰ ਸਜ਼ਾ ਦੇਣ ਦਾ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ। ਸਜ਼ਾ ਜੁਰਮਾਨੇ ਦੇ ਰੂਪ ਵਿੱਚ ਹੋ ਸਕਦੀ ਹੈ, ਸ਼ਰਾਰਤੀ ਵਿਦਿਆਰਥੀਆਂ ਨੂੰ ਕਾਲਜ ਜਾਂ ਯੂਨੀਵਰਸਿਟੀ ਵਿੱਚੋਂ ਪੱਕੇ ਤੌਰ ਤੇ ਕੱਢਿਆ ਜਾਂ ਕਢਵਾਇਆ ਜਾ ਸਕਦਾ ਹੈ।

11) ਪ੍ਰਿੰਸੀਪਲ ਚਾਹੁੰਣ ਤਾਂ ਲੋੜ ਅਨੁਸਾਰ ਨਿਯਮਾਂ ਵਿੱਚ ਤਬਦੀਲੀ ਕਰ ਸਕਦੇ ਹਨ।

# BABA SIRI CHAND JI GOVERNMENT COLLEGE

## SARDARGARH (BATHINDA)

## PROSPECTUS 2022-23

ਸੈਸ਼ਨ 2022-23
ਲਈ ਦਾਖ਼ਲਾ ਸ਼ੁਰੂ

ਰੈਗੂਲਰ ਕੋਰਸ :- ਬੀ.ਏ.

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ)

ਵਿਸ਼ੇ:- ਪੰਜਾਬੀ (ਲਾਜ਼ਮੀ), ਅੰਗ੍ਰੇਜ਼ੀ (ਲਾਜ਼ਮੀ), ਇਤਿਹਾਸ, ਸਰੀਰਿਕ ਸਿੱਖਿਆ, ਕੰਪਿਊਟਰ ਸਾਇੰਸ, ਸਾਹਿਤ - ਪੰਜਾਬੀ / ਹਿੰਦੀ, ਰਾਜਨੀਤੀ ਸ਼ਾਸਤਰ, ਭੂਗੋਲ

ਕਿੱਤਾ-ਮੁੱਖੀ ਕੋਰਸ:-
**Certificate Course in Creative Writing and Content Development**
(ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ)

ਯੋਗਤਾ: 12ਵੀਂ ਕਿਸੇ ਵੀ **stream** 'ਚ
ਕੋਰਸ ਦਾ ਸਮ੍ਹਾਂ: 6 ਮਹੀਨੇ (ਇੱਕ ਸਮੈਸਟਰ)
ਕੋਰਸ ਦੀ ਫ਼ੀਸ: 1,750/- ਰੁਪਏ

ਇਹ ਕੋਰਸ ਵਿਦਿਆਰਥੀ ਆਪਣੀ ਰੈਗੂਲਰ ਪੜ੍ਹਾਈ ਦੇ ਨਾਲ-ਨਾਲ ਵੀ ਕਰ ਸਕਦੇ ਹਨ।




ਕਾਲਜ ਕੈਂਪਸ:-
ਬਠਿੰਡਾ-ਮਲੋਟ ਨੈਸ਼ਨਲ ਹਾਈਵੇ, **NH7** ਤੇ, ਬਠਿੰਡੇ ਤੋਂ 24 ਕਿਲੋਮੀਟਰ ਦੂਰ

ਬਾਬਾ ਸਿਰੀ ਚੰਦ ਜੀ
ਸਰਕਾਰੀ ਕਾਲਜ ਸਰਦਾਰਗੜ੍ਹ
(ਬਠਿੰਡਾ)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਸ਼੍ਰੀਮਤੀ ਸਿਮਰਜੀਤ ਸਿੱਧੂ, ਪ੍ਰਿੰਸੀਪਲ, 9855934585
ਡਾ: ਜਸਪਾਲ ਸਿੰਘ, 9463374012
ਡਾ: ਜਸਪ੍ਰੀਤ ਸਿੰਘ, 9855521535
ਪ੍ਰੋ: ਵੀਰਪਾਲ ਕੌਰ, 7986828121
ਪ੍ਰੋ: ਕੁਲਵਿੰਦਰ ਕੌਰ, 9872450845
ਪ੍ਰੋ: ਮਨਜੋਤ ਮਾਨ, 7837855751
ਸ੍ਰੀਮਤੀ ਮਨਪ੍ਰੀਤ ਕੌਰ, 9592200649

1997 ਤੋਂ ਸੇਵਾ ਵਿੱਚ

ਈ-ਮੇਲ ਆਈ.ਡੀ : gcsardargarh@gmail.com
ਵੈਬ-ਸਾਈਟ : www.bscgcsardargarh.ac.in

**Phone No. and Fax : 01637-230032**

**E-Mail : gcsardargarh@gmail.com**

**Website : bscgcsardargarh.ac.in**

# ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ